
Reshmi's Group
ETHNIC FOOD DISTRIBUTOR
Haldiram's
Fresh Frozen Vegetables
Cut Okra
(312g & 908g)
Whole Okra
(312g & 908g)
DrumSticks
(312g & 908g)
Bitter Gourd
(312g & 908g)
Spinach Cubes
(312g)
Coconut Grated
(312g)
Coconut Shredded
(312g)
Ivy Gourd
(312g & 908g)
Limba Beans
(312g)
Methi Cubes
(312g)
Pigeon Peas
(312g & 908g)
Hyacinth Beans
(312g)
Green Chillii
(312g)
Mix Vegetables
(312g & 908g)
Frozen Fresh, Naturally Best – IQ Veggies Now Available!
NEW ITEM
BUY NOW
For Wholesale Order at :
1120 Andover Park E,Tukwila, WA 98188,
T: (206) 575-0050,
E: sales@reshmisgroup.com.




DIAMONDS!
Diamond Necklace
Wedding Sets
and
Wedding Rings

50% off

Come see our collection

ਡਾਇਮੰਡਜ !
ਅਸੀਂ ਹਣ ਡਾਇਮੰਡ ਨੈਕੁਲੇਸ, ਵਿਆਹ ਦੇ ਸੈੱਟ
ਅਤੇ ਵਿਆਹ ਲਈ ਅੰਗੂਠੀਆਂ ਵੀ ਰੱਖਦੇ ਹਾਂ

50% off

ਆ ਕੇ ਕੁਲੈਕਸ਼ਨ ਦੇਖੋ

Season Special!

Visit our store for special pricing when buying
50 grams or more of 22k Gold Jewelry!

ਸੀਜਨ ਸਪੈਸ਼ਲ !

ਜਦੋਂ ਤੁਸੀਂ 50 ਗਰਾਮ ਜਾਂ ਇਸ ਤੋਂ ਜ਼ਿਆਦਾ 22 ਕੈਰੇਟ ਦੇ ਸੋਨੇ ਦੇ ਗਹਿਣੇ ਖਰੀਦਦੇ ਹੋ
ਤਾਂ ਸਪੈਸ਼ਲ ਕੀਮਤਾਂ ਲਈ ਸਾਡੇ ਸਟੋਰੇ ਤੇ ਆਉ।

CASH FOR GOLD

ਸੋਨੇ ਬਦਲੇ ਡਾਲਰ ਲਉ

ਸਾਡੀਆਂ ਕੀਮਤਾਂ ਬਹੁਤ ਘੱਟ ਹਨ

TAJ JEWELERS

UNIQUELY DESIGNED 22KT GOLD JEWELRY

WE SELL FOR LESS

ਤਾਜ਼ ਜਿਊਲਰਜ਼

TRADE YOUR OLD GOLD FOR NEW JEWELRY

ਆਪਣੇ ਪੁਰਾਣੇ ਗਹਿਣਿਆਂ ਬਦਲੇ ਨਵੇਂ ਫੈਸ਼ਨ ਦੇ ਗਹਿਣੇ ਲਉ

22 ਕੈਰੇਟ ਸੋਨੇ ਦੀ ਜਿਊਲਰੀ ਦੇ ਨਵੇਂ ਨਵੇਂ ਡਿਜ਼ਾਈਨ

Ph:253-981-3071

10120 SE 260th St. Suite 110, Kent, WA 98030

Open: 7 Days Tuesday to Sunday 11am to 7pm, Mon 11am to 6pm ਅਸੀਂ ਹਫਤੇ ਦੇ ਸੱਤੇ ਦਿਨ ਖੁੱਲਦੇ ਹਾਂ
ਮੰਗਲਵਾਰ ਤੋਂ ਐਤਵਾਰ ਸਵੇਰ 11ਵਜੇ ਤੋਂ ਸ਼ਾਮ 7 ਵਜੇ ਤੱਕ, ਸੋਮਵਾਰ ਸਵੇਰ 11 ਤੋਂ ਸ਼ਾਮ 6 ਵਜੇ ਤੱਕ

# ਯੂ.ਐਨ. 'ਚ ਖਾਲਿਸਤਾਨ 'ਤੇ ਵੱਡਾ ਬਿਆਨ:ਭਾਰਤ ਦੇ ਟੁੱਟਣ ਨਾਲ ਉੱਭਰ ਸਕਦਾ ਹੈ ਖਾਲਿਸਤਾਨ

## ਯੂ.ਐੱਨ.'ਚ ਭਾਰਤੀ ਨੀਤੀਆਂ ਵਿਰੁੱਧ ਸਿੱਖ ਪੱਖ ਦੀ ਤਿੱਖੀ ਪੇਸ਼ਕਾਰੀ:"ਸਵੈ-ਨਿਰਣੇ ਤੋਂ ਬਿਨਾਂ ਸਿਆਸੀ ਹੱਲ ਅਧੂਰਾ"



ਵਾਸ਼ਿੰਗਟਨ(ਮਨਪ੍ਰੀਤ ਸਿੰਘ ਖਾਲਸਾ): ਯੂ.ਐੱਨ. ਦੇ ਮੁੱਖ ਦਫ਼ਤਰ ਵਿੱਚ ਭਾਰਤ ਦੇ ਸੰਭਾਵਿਤ ਵਿਖੰਡਨ ਅਤੇ ਖਲਿਸਤਾਨ ਦੇ ਉਭਾਰ ਦੀ ਗੱਲ ਖੁਲ੍ਹ ਕੇ ਉਠੀ। 81ਵੇਂ ਯੂ.ਐੱਨ. ਤਰਲ ਅਸੈਂਬਲੀ ਸੈਸ਼ਨ ਵਿੱਚ ਇਨੀਸ਼ੀਏਟਿਵ ਗਰੁੱਪ ਵੱਲੋਂ ਕਰਵਾਈ ਕਾਨਫਰੰਸ ਵਿੱਚ ਸਿੱਖ ਫੈਡਰੇਸ਼ਨ ਇੰਟਰਨੈਸ਼ਨਲ ਦੇ ਆਗੂ ਬਿੰਦਰਜੀਤ ਸਿੰਘ ਨੇ ਦਾਅਵਾ ਕੀਤਾ ਕਿ ਭਾਰਤ ਵਿੱਚ ਵਧ ਰਹੇ ਰਾਜਨੀਤਿਕ ਅਤੇ ਖੇਤਰੀ ਟਕਰਾ ਆਉਣ ਵਾਲੇ ਸਮੇਂ ਵਿੱਚ ਵੱਡੀ ਤਬਦੀਲੀ ਦਾ ਰਾਹ ਖੋਲ੍ਹ ਸਕਦੇ ਹਨ। ਉਨ੍ਹਾਂ ਸਿੱਧੇ ਸ਼ਬਦਾਂ ਵਿੱਚ ਕਿਹਾ ਕਿ "ਖਾਲਿਸਤਾਨ ਅਤੇ ਹੋਰ ਮਾਂ ਦੇ ਉਭਰਨ ਲਈ ਸਭ ਤੋਂ ਪ੍ਰਭਾਵਿਤ ਦ੍ਰਿਸ਼ ਭਾਰਤ ਦਾ ਟੁੱਟਣਾ ਹੈ।ਦਬਿੰਦਰਜੀਤ ਸਿੰਘ ਨੇ ਸਿੱਖ ਸਵੈ-ਨਿਰਣੇ ਦੀ ਮੰਗ ਨੂੰ 1849 ਵਿੱਚ ਸਿੱਖ ਸਾਮਰਾਜ ਦੇ ਬਰਤਾਨਵੀ ਕਬਜ਼ੇ, 1947 ਦੀ ਪੰਜਾਬ ਵੰਡ ਅਤੇ 1984 ਦੀ ਹਿੰਸਾ ਨਾਲ ਜੋੜਿਆ। ਉਨ੍ਹਾਂ ਦਾਅਵਾ ਕੀਤਾ ਕਿ 1947 ਵਿੱਚ ਪੰਜਾਬ ਦੀ ਵੰਡ ਨਾਲ ਸਿੱਖ ਭਾਈਚਾਰਾ ਅਤੇ ਇਤਿਹਾਸਕ ਗੁਰਧਾਮ ਦੋ ਦੇਸ਼ਾਂ ਵਿੱਚ ਵੰਡੇ ਗਏ,ਜਦਕਿ 1984 ਦੀਆਂ ਘਟਨਾਵਾਂ ਤੋਂ ਬਾਅਦ ਕਈ ਸਿੱਖਾਂ ਵਿੱਚ ਇਹ ਧਾਰਨਾ ਮਜ਼ਬੂਤ ਹੋਈ ਕਿ ਉਨ੍ਹਾਂ ਦੇ ਸਿਆਸੀ ਹੱਕਾਂ ਦਾ ਹੱਲ ਖੁਦਮੁਖਤਿਆਰ ਸਿੱਖ ਰਾਜ—ਖਾਲਿਸਤਾਨ ਵਿੱਚ ਹੈ।ਉਨ੍ਹਾਂ ਭਾਰਤ ਵਿੱਚ ਕਸ਼ਮੀਰ, ਨਾਗਾਲੈਂਡ, ਮਣੀਪੁਰ ਅਤੇ ਅਸਾਮ ਸਮੇਤ ਵੱਖ-ਵੱਖ ਖੇਤਰਾਂ ਦੇ ਰਾਜਨੀਤਿਕ ਅੰਦੋਲਨਾਂ ਦਾ ਹਵਾਲਾ ਦਿੰਦਿਆਂ ਕਿਹਾ ਕਿ ਇਨ੍ਹਾਂ ਨੂੰ ਭਾਰਤ ਦੇ ਭਵਿੱਖ ਨਾਲ ਜੋੜ ਕੇ ਦੇਖਣ ਦੀ ਲੋੜ ਹੈ।ਉਨ੍ਹਾਂ ਹਿੰਦੂਤਵ ਦੇ ਵਧਦੇ ਪ੍ਰਭਾਵ ਅਤੇ ਘੱਟਗਿਣਤੀਆਂ ਨਾਲ ਜੁੜੇ ਮੁੱਦਿਆਂ ਨੂੰ ਵੀ ਆਪਣੇ ਤਰਕ ਦਾ ਹਿੱਸਾ ਬਣਾਇਆ। ਕਾਨਫਰੰਸ ਵਿੱਚ ਉਨ੍ਹਾਂ ਦਾ ਕੇਂਦਰੀ ਸੁਨੇਹਾ ਇਹ ਸੀ ਕਿ ਸਿੱਖ ਸਵੈ-ਨਿਰਣੇ ਦਾ ਸਵਾਲ ਹੁਣ ਸਿਰਫ਼ ਪੰਜਾਬ ਤੱਕ ਸੀਮਤ ਨਹੀਂ, ਸਗੋਂ ਅੰਤਰਰਾਸ਼ਟਰੀ ਪੱਧਰ 'ਤੇ ਉਠਾਇਆ ਜਾ ਰਿਹਾ ਹੈ।ਇਸੇ ਮੰਚ 'ਤੇ ਸਿੱਖ ਫੈਡਰੇਸ਼ਨ ਕੈਨੇਡਾ ਦੇ ਕਾਨੂੰਨੀ ਸਲਾਹਕਾਰ ਪ੍ਰਭਜੋਤ ਸਿੰਘ ਨੇ ਸਿੱਖਾਂ ਦੇ 'ਰਾਈਟ ਟੂ ਰਿਟਰਨ' ਦਾ ਮੁੱਦਾ ਉਠਾਇਆ।ਉਨ੍ਹਾਂ ਬਲੈਕਲਿਸਟਾਂ, ਵੀਜ਼ਾ ਪਾਬੰਦੀਆਂ ਅਤੇ ਯਾਤਰਾ ਰੁਕਾਵਟਾਂ ਦਾ ਹਵਾਲਾ ਦਿੰਦਿਆਂ ਕਿਹਾ ਕਿ ਰਾਜਨੀਤਿਕ ਵਿਚਾਰਾਂ ਜਾਂ ਸਵੈ-ਨਿਰਣੇ ਦੀ ਵਕਾਲਤ ਕਰਨ ਵਾਲੇ ਕੁਝ ਸਿੱਖਾਂ ਲਈ ਪੰਜਾਬ ਵਾਪਸੀ ਦਾ ਸਵਾਲ ਗੰਭੀਰ ਬਣਿਆ ਹੋਇਆ ਹੈ।

ਦੋਵੇਂ ਬੁਲਾਰਿਆਂ ਨੇ 29 ਅਪ੍ਰੈਲ 1986 ਦੀ ਖਾਲਿਸਤਾਨ ਘੋਸ਼ਣਾ ਨੂੰ ਸਿੱਖ ਰਾਜਨੀਤਿਕ ਇੱਛਾ ਦੇ ਪ੍ਰਗਟਾਵੇ ਵਜੋਂ ਪੇਸ਼ ਕਰਦਿਆਂ ਖਾਲਿਸਤਾਨ ਅਤੇ ਸਿੱਖ ਸਵੈ-ਨਿਰਣੇ ਦੇ ਮੁੱਦੇ ਨੂੰ ਯੂ.ਐੱਨ. ਦੇ ਅੰਤਰਰਾਸ਼ਟਰੀ ਮੰਚ 'ਤੇ ਮੁੜ ਉਭਾਰਿਆ।

## (ਮੁੱਖ ਪੰਨੇ ਦੀ ਬਾਕੀ)

ਵਿੱਚ ਲਿਖਿਆ।"ਆਪਣੇ ਦਰਵਾਜ਼ੇ ਖੋਲ੍ਹਣ ਅਤੇ ਪ੍ਰਭਾਵਿਤ ਲੋਕਾਂ ਦੀ ਸਹਾਇਤਾ ਕਰਨ ਦੀ ਤੁਹਾਡੀ ਇੱਛਾ ਸ਼ਾਨਦਾਰ ਅਗਵਾਈ ਅਤੇ ਦੂਜਿਆਂ ਦੀ ਦੇਖਭਾਲ ਨੂੰ ਦਰਸਾਉਂਦੀ ਹੈ... ਕਿਰਪਾ ਕਰਕੇ ਇਸ ਚੁਣੌਤੀਪੂਰਨ ਸਮੇਂ ਦੌਰਾਨ ਭਾਈਚਾਰੇ ਪ੍ਰਤੀ ਤੁਹਾਡੀ ਸ਼ਾਨਦਾਰ ਸੇਵਾ ਲਈ ਮੇਰੀ ਦਿਲੋਂ ਪ੍ਰਸ਼ੰਸਾ ਸਵੀਕਾਰ ਕਰੋ।ਸਥਾਨਕ ਗੁਰਦਵਾਰਾ ਸਾਹਿਬ ਦੀ ਕਮੇਟੀ ਨੇ ਸੋਸ਼ਲ ਮੀਡੀਆ 'ਤੇ ਪੱਤਰ ਸਾਂਝਾ ਕੀਤਾ।ਉਨਾ ਕਿਹਾ ਕਿ "ਇਹ ਸਨਮਾਨ ਪੂਰੀ ਤਰ੍ਹਾਂ ਸਾਡੇ ਸਮਰਪਿਤ ਵਲੰਟੀਅਰਾਂ, ਦਾਨੀਆਂ ਅਤੇ ਸਮੁੱਚੀ ਸੰਗਤ ਦਾ ਹੈ। ਤੁਹਾਡੇ ਨਿਰਸਵਾਰਥ ਯਤਨਾਂ ਰਾਹੀਂ, ਅਸੀਂ ਗਰਮ ਭੋਜਨ ਪਰੋਸਣ ਅਤੇ ਜੰਗਲ ਦੀ ਅੱਗ ਤੋਂ ਪ੍ਰਭਾਵਿਤ ਲੋਕਾਂ ਨੂੰ ਜ਼ਰੂਰੀ ਸਮਾਨ, ਤਾਜ਼ੀਆਂ ਸਬਜ਼ੀਆਂ ਅਤੇ ਫਲ ਪਹੁੰਚਾਉਣ ਦੇ ਯੋਗ ਹੋਏ," "ਤੁਹਾਡੀ ਉਦਾਰਤਾ ਸੇਵਾ (ਨਿਰਸਵਾਰਥ ਸੇਵਾ) ਅਤੇ ਲੰਗਰ (ਮੁਫ਼ਤ ਭਾਈਚਾਰਕ ਰਸੋਈ) ਦੇ ਸੱਚੇ ਸਿੱਖ ਸਿਧਾਂਤਾਂ ਨੂੰ ਦਰਸਾਉਂਦੀ ਹੈ। ਅਸੀਂ ਪ੍ਰਧਾਨ ਮੰਤਰੀ ਦਫ਼ਤਰ ਦਾ ਇਨ੍ਹਾਂ ਉਤਸ਼ਾਹਜਨਕ ਸ਼ਬਦਾਂ ਲਈ ਦਿਲੋਂ ਧੰਨਵਾਦ ਕਰਦੇ ਹਾਂ, ਅਤੇ ਸਭ ਤੋਂ ਮਹੱਤਵਪੂਰਨ, ਸਾਡੇ ਭਾਈਚਾਰੇ ਦੇ ਹਰ ਉਸ ਵਿਅਕਤੀ ਦਾ ਜੋ ਚੁਣੌਤੀਪੂਰਨ ਸਮੇਂ ਦੌਰਾਨ ਸਾਡੇ ਗੁਆਂਢੀਆਂ ਦੀ ਮਦਦ ਲਈ ਅੱਗੇ ਆਇਆ।ਇਕੱਠੇ ਹੋ ਕੇ, ਅਸੀਂ ਸਾਰਿਆਂ ਦੀ ਸੇਵਾ ਕਰਨ ਲਈ ਵਚਨਬੱਧ ਹਾਂ।"ਸਰੀ ਤੋਂ ਸੰਸਦ ਮੈਂਬਰ ਮਾਨਯੋਗ ਰਣਦੀਪ ਸਰਾਏ ਵੱਲੋਂ ਵੀ ਗੁਰਦਵਾਰਾ ਸਾਹਿਬ ਨੂੰ ਪ੍ਰਸ਼ੰਸਾ ਦਾ ਇੱਕ ਸਮਾਨ ਸੰਦੇਸ਼ ਮਿਲਿਆ।"ਪੈਂਟਿਕਟਨ ਸਿੱਖ ਟੈਂਪਲ ਦੇ ਯਤਨਾਂ ਨੇ ਇਨ੍ਹਾਂ ਚੁਣੌਤੀਪੂਰਨ ਸਮਿਆਂ ਦੌਰਾਨ ਭਾਈਚਾਰਿਆਂ ਨੂੰ ਇਕੱਠਾ ਕੀਤਾ ਹੈ, ਨਿਰਸਵਾਰਥ ਸੇਵਾ, ਏਕਤਾ ਅਤੇ ਹਮਦਰਦੀ ਦੀਆਂ ਕਦਰਾਂ-ਕੀਮਤਾਂ ਦੀ ਉਦਾਹਰਣ ਦਿੰਦੇ ਹੋਏ।"ਗੁਰਦਵਾਰਾ ਦੂਕ ਨਿਵਾਰਨ ਸਰੀ ਤੋਂ ਵੀ ਵੱਡੀ ਸਹਾਇਤਾ ਲੋੜਵੰਦਾ ਲਈ ਭੇਜੀ ਗਈ।


TUKWILA DENTAL CENTER
NEW PATIENTS & EMERGENCIES WELCOME
GENERAL DENTISTRY FOR ALL AGES
A Caring Team for You & Your Family
Most Crowns and Bridges are made same day with our CAD/CAM System

- General Dentistry
- Bridges
- Fillings
- Dentures
- Dental Implants
- Crowns
- Cosmetic Dentistry
- Sealants
- Treatment of Gum Disease
- Oral Surgery
- Root Canals



HARCHAND SINGH DDS PS, SARAA ABDULATEEF DDS MS, ABRAAM ABRAMOV LD, MUKTA SINGH DDS, TANVEER S BUTTAR DDS

Hours : Monday 9AM - 6PM
Tuesday 9AM - 6PM
Wednesday 9AM - 6PM
Thursday 9AM - 6PM
Friday 8AM - 4PM

(Fellow & Master Academy of General Dentistry)
DENTAL LAB ON PREMISES

13955 Interurban Ave So, Tukwila, WA 98168
www.tukwiladentalcenter.com Email: tukwiladentalcenter@comcast.net
Ph: 206-431-0953, 206-241-0454, Fax: 206-439-6860





Complete DENTAL CARE

ਹਰ ਤਰ੍ਹਾਂ ਦੇ ਦੰਦਾਂ ਦੀ ਸੰਭਾਲ ਲਈ ਅੱਜ ਹੀ ਸੰਪਰਕ ਕਰੋ!

Comprehensive Care, Close to Home

- Full mouth Implants
- Same-Day Crowns
- Pediatric Dentistry
- Wisdom teeth extractions
- Root Canals
- Restorative Dentistry
- Veneers
- Dentures

OUR DENTISTS
Dr. Manpreet Dhaliwal and Associates

7 Locations to Serve You
SUMNER 425-226-5940
MAPLE VALLEY 425-413-8505
COVINGTON 253-243-6576
AUBURN 253-833-2290
RENTON 425-226-5940
FEDERAL WAY 253-838-2018
KENT 253-854-2714

SAME-DAY EMERGENCY APPOINTMENTS AVAILABLE

Kent office — Suite #1, 10725 SE 256th St, Kent, WA 98030

# ਪਾਖੰਡੀ ਸਾਧਾਂ ਤੋਂ ਛੁਟਕਾਰਾ ਕਿਵੇਂ...?

ਗੁਰਬਾਣੀ ਅਨੁਸਾਰ ਅੱਜ ਦੇ ਬਹੁਗਿਣਤੀ ਅਖੌਤੀ ਬਾਬੇ, ਨਕਲੀ ਸੰਤ ਜਿਹੜੇ ਆਪਣੇ-ਆਪ ਨੂੰ ਪਤਾ ਨਹੀਂ ਕਿਹੜੇ-ਕਿਹੜੇ ਧਾਰਮਿਕ ਵਿਸ਼ੇਸ਼ਣਾਂ ਨਾਲ ਪ੍ਰਚਾਰਦੇ ਹਨ ਅਤੇ ਧਰਤੀ ਦੇ ਰੱਬ ਹੋਣ ਤੱਕ ਦਾ ਦਾਅਵਾ ਕਰਦੇ ਹਨ, ਅਸਲ'ਚ ਉਹ 'ਬਨਾਰਸ ਦੇ ਠੱਗ' ਹੀ ਹਨ। ਇਹ ਸੋਚ ਇਕ ਵਾਰ ਨਹੀਂ ਸਗੋਂ ਸੈਂਕੜੇ-ਹਜ਼ਾਰਾਂ ਵਾਰ ਇਨ੍ਹਾਂ ਅਖੌਤੀ ਬਾਬਿਆਂ ਦੀਆਂ ਕਾਲੀਆਂ ਕਰਤੂਤਾਂ ਨਾਲ ਜੱਗ-ਜ਼ਾਹਿਰ ਹੋ ਚੁੱਕਾ ਹੈ। ਇਹ ਸਾਫ਼ ਹੋਣ ਦੇ ਬਾਵਜੂਦ ਕਿ ਆਧੁਨਿਕ ਅਖੌਤੀ ਸੰਤ-ਬਾਬੇ, ਧਾਰਮਿਕ ਠੱਗ-ਲੁਟੇਰੇ ਹਨ, ਜਿਹੜੇ ਲੋਕਾਂ ਦੀ ਅੰਨ੍ਹੀ ਸ਼ਰਧਾ ਅਤੇ ਬੀਮਾਰ ਮਾਨਸਿਕਤਾ ਦਾ ਲਾਹਾ ਲੈ ਕੇ, ਉਨ੍ਹਾਂ ਨੂੰ ਲੁੱਟ ਰਹੇ ਹਨ, ਉਸਦੇ ਬਾਵਜੂਦ ਇਨ੍ਹਾਂ ਪਾਖੰਡੀ ਬਾਬਿਆਂ ਦੇ ਪਾਖੰਡ ਦੀਆਂ ਹੱਟੀਆਂ ਧੜੱਲੇ ਨਾਲ ਚੱਲ ਰਹੀਆਂ ਹਨ। ਵੱਡੀਆਂ-ਭੀੜਾਂ ਇਨ੍ਹਾਂ ਪਾਖੰਡੀ ਬਾਬਿਆਂ ਦੇ ਅਸ਼ੀਰਵਾਦ ਲਈ ਲਾਈਨਾਂ 'ਚ ਲੱਗੀਆਂ ਵਿਖਾਈਆਂ ਦਿੰਦੀਆਂ ਹਨ ਅਤੇ ਇਹ ਅਖੌਤੀ ਬਾਬੇ ਅਜਿਹੇ ਅੰਨ੍ਹੇ ਸ਼ਰਧਾਲੂਆਂ ਦਾ ਮਾਨਸਿਕ, ਆਰਥਿਕ ਤੇ ਸਰੀਰਕ ਸ਼ੋਸ਼ਣ ਧੜੱਲੇ ਨਾਲ ਕਰ ਰਹੇ ਹਨ। ਹੈਰਾਨੀ ਤਾਂ ਇਸ ਗੱਲ ਦੀ ਹੈ ਕਿ ਜਿਹੜੇ ਦੁਰਾਚਾਰੀ, ਬਲਾਤਕਾਰੀ, ਕਾਤਲ, ਲੁਟੇਰੇ ਤੇ ਪਾਖੰਡੀ ਬਾਬੇ ਅਜਿਹਾ ਗੁਨਾਹ ਕਰਦੇ ਫੜ੍ਹੇ ਜਾਂਦੇ ਹਨ, ਉਨ੍ਹਾਂ ਦਾ ਅਸਲੀ ਚਿਹਰਾ ਲੋਕਾਂ ਸਾਹਮਣੇ ਆ ਜਾਂਦਾ ਹੈ, ਉਸਦੇ ਬਾਵਜੂਦ ਉਸ ਬਾਬੇ ਦੇ ਅੰਨ੍ਹੇ ਸ਼ਰਧਾਲੂ, ਉਸਨੂੰ ਫਿਰ ਵੀ 'ਰੱਬ' ਮੰਨੀ ਜਾਂਦੇ ਹਨ, ਜਦੋਂ ਕਿ ਲੋਕਾਂ ਦੀਆਂ ਧਾਰਮਿਕ ਭਾਵਨਾਵਾਂ ਨਾਲ ਖਿਲਵਾੜ ਕਰਨ ਵਾਲੇ ਅਜਿਹੇ ਪਾਖੰਡੀ ਸੰਤ ਬਾਬਿਆਂ ਦਾ ਤੁਰੰਤ ਮੂੰਹ-ਕਾਲਾ ਹੋਣਾ ਚਾਹੀਦਾ ਹੈ। ਦੇਸ਼ ਦੇ ਇਕ ਨਹੀਂ ਦਰਜਨਾਂ ਵੱਡੇ ਨਾਮੀ ਬਾਬਿਆਂ ਦੀਆਂ, ਜਿਨ੍ਹਾਂ ਦੀਆਂ ਧਾਰਮਿਕ ਹੱਟੀਆਂ ਪੂਰੇ ਜਾਹੋ- ਜਲਾਲ ਨਾਲ ਚੱਲਦੀਆਂ ਸਨ, ਦੇ ਕਾਲੇ ਕਾਰਨਾਮੇ ਲੋਕਾਂ ਸਾਹਮਣੇ ਆ ਚੁੱਕੇ ਹਨ, ਕਾਲੇ ਕਾਰਨਾਮਿਆਂ ਅਤੇ ਠੱਗੀ ਠੋਰੀ ਦੀਆਂ ਕਰਤੂਤਾਂ ਕਾਰਣ ਕਿੰਨੇ ਕੁ ਅਜਿਹੇ ਪਖੰਡੀ ਮੁਸ਼ਟੰਡੇ ਸਾਧ ਜ਼ੇਲ੍ਹਾਂ ਦੀਆਂ ਸ਼ਲਾਖਾਂ ਪਿੱਛੇ ਹਨ ਗਿਣਤੀ ਕਰਨੀ ਔਖੀ ਹੈ। ਪ੍ਰੰਤੂ ਇਸ ਦੇ ਬਾਵਜੂਦ ਇੰਨਾਂ ਪਾਖੰਡੀ ਸਾਧਾਂ ਦੇ ਡੇਰਿਆਂ ਤੇ ਲੋਕਾਂ ਦੀਆਂ ਵੱਧਦੀਆਂ ਭੀੜਾਂ ਸਾਡੀ ਅੰਨੇ ਸ਼ਰਧਾ ਕਾਰਣ ਹਨ। ਅੱਜ ਜਦੋਂ ਅਸੀਂ ਇੱਕਵੀਂ ਸਦੀ ਦੇ ਦੂਜੇ ਦਹਾਕੇ ਦੇ ਵੀ ਤਿੰਨ ਵਰ੍ਹੇ ਟੱਪ ਚੁੱਕੇ ਹਾਂ, ਉਸ ਸਮੇਂ ਵੀ ਜੇ ਸਾਡੀ ਦੇਸ਼ ਦੀ ਜਨਤਾ ਉਪਰ ਤੋਂ ਲੈ ਕੇ ਥੱਲੇ ਤੱਕ ਇਨ੍ਹਾਂ ਪਾਖੰਡੀ, ਕਰਮਕਾਂਡੀ ਤੇ ਆਡੰਬਰੀ ਅਖੌਤੀ ਬਾਬਿਆਂ ਦੇ ਚੁੰਗਲ 'ਚ ਫ਼ਸੀ ਰਹੇਗੀ ਅਤੇ ਇਨ੍ਹਾਂ ਦੇ ਅਸ਼ੀਰਵਾਦ ਨੂੰ ਆਪਣੇ ਸਾਰੇ ਦੁੱਖਾਂ ਦਾ ਦਾਰੂ ਮੰਨਦੀ ਰਹੇਗੀ, ਫਿਰ ਇਸ ਤਰ੍ਹਾਂ ਦੇ ਕਾਮੀ, ਲੋਭੀ, ਲਾਲਚੀ, ਆਡੰਬਰੀ ਬਾਬਿਆਂ ਦੀ ਗਿਣਤੀ 'ਚ ਵਾਧਾ ਹੁੰਦਾ ਰਹਿਣਾ ਕੁਦਰਤੀ ਹੈ। ਇਹ ਦੇਸ਼ ਮੁੱਢ ਤੋਂ ਹੀ ਧਾਰਮਿਕ ਅੰਨ੍ਹੀ ਸ਼ਰਧਾ ਦਾ ਸ਼ਿਕਾਰ ਰਿਹਾ ਹੈ, ਜਿਸ ਕਾਰਣ ਗੁਰੂ ਨਾਨਕ ਸਾਹਿਬ ਨੇ ਇਸ ਧਰਤੀ ਤੋਂ ਕੂੜ ਦੀ ਅਮਾਵਸ ਨੂੰ ਖ਼ਤਮ ਕਰਨ ਲਈ ਸੋਚ ਅਤੇ ਗਿਆਨ ਦੇ ਚੰਦਰਮਾ ਰੂਪੀ "ਗੁਰਬਾਣੀ ਤੇ ਸਿੱਖੀ" ਇਸ ਧਰਤੀ ਨੂੰ ਦਿੱਤੀ ਸੀ। ਗੁਰਬਾਣੀ ਹਰ ਕੂੜ, ਪਾਖੰਡ ਦਾ ਭਾਂਡਾ ਚੌਰਾਹੇ 'ਚ ਭੰਨਦੀ ਹੈ। ਉਹ ਮਨੁੱਖ ਨੂੰ ਕਰਮਕਾਂਡੀ ਤੇ ਆਡੰਬਰੀ ਹੋਣ ਤੋਂ ਰੋਕਦੀ ਹੈ। ਸੱਚ ਅਚਾਰ ਨੂੰ ਸਭ ਤੋਂ ਉਪਰ ਰੱਖਦੀ ਹੈ, ਉਸਦੇ ਬਾਵਜੂਦ ਜੇ ਮਨੁੱਖ ਸੂਰਜ ਤੋਂ ਰੋਸ਼ਨੀ ਲੈਣ ਦੀ ਥਾਂ ਬਨਾਉਟੀ ਜੁਗਨੂੰਆਂ ਮਗਰ ਭੱਜਦਾ ਫਿਰੇ ਤਾਂ ਉਸਦਾ ਖੱਜਲ ਖੁਆਰ ਹੋਣਾ ਯਕੀਨੀ ਹੈ। ਅੱਜ ਪੰਜਾਬ 'ਚ ਡੇਰੇਵਾਦ ਤੇ ਆਖੌਤੀ ਸੰਤ- ਸਾਧਾਂ ਦੀ ਚੜ੍ਹਤ ਹੈ। ਸੌਦਾ ਸਾਧ ਵਰਗੇ ਸਾਧ, ਜਿਨ੍ਹਾਂ ਤੇ ਬਲਾਤਕਾਰ, ਕਤਲ, ਲੁੱਟ-ਖੋਹ ਦੇ ਮੁਕੱਦਮੇ ਹਨ, ਉਸ ਵਰਗਿਆਂ ਨੂੰ ਵੀ 'ਰੱਬ' ਮੰਨਣ ਲਈ ਗੁੰਮਰਾਹ ਕੀਤੇ ਲੋਕਾਂ ਦੀ ਗਿਣਤੀ ਘੱਟ ਨਹੀਂ। ਪਿੰਡ-ਪਿੰਡ, ਸ਼ਹਿਰ-ਸ਼ਹਿਰ ਕੋਈ ਨਾ ਕੋਈ ਪਾਖੰਡੀ ਸਾਧ ਆਪਣੀ ਧਾਰਮਿਕ ਹੱਟੀ ਲਾਈ ਬੈਠਾ ਹੈ। ਅਸੀਂ ਚਾਹੁੰਦੇ ਹਾਂ ਕਿ ਲੋਕਾਂ ਦੀਆਂ ਧਾਰਮਿਕ ਭਾਵਨਾਵਾਂ ਨਾਲ ਖਿਲਵਾੜ ਕਰਨ ਵਾਲਿਆਂ ਵਿਰੁੱਧ 'ਬਲਾਤਕਾਰੀਆਂ' ਵਾਂਗੂੰ ਸਖ਼ਤ ਕਾਨੂੰਨ ਬਣਾਇਆ ਜਾਵੇ। ਅੰਧ ਵਿਸ਼ਵਾਸ ਫੈਲਾਉਣ ਵਾਲਿਆਂ ਨੂੰ ਇਸੇ ਕਾਨੂੰਨ ਦੀ ਧਾਰਾਂ ਚ ਲਿਆਂਦਾ ਜਾਵੇ। ਲੋਕਾਂ ਦੀ ਕਮਾਈ ਤੇ ਐਸ਼ਾਂ ਕਰਨ ਵਾਲੇ ਇਨ੍ਹਾਂ ਪਾਖੰਡੀਆਂ ਦੀ ਪੋਲ ਖੋਲ੍ਹਣ ਲਈ ਸਮਾਜ ਦਾ ਸੁਚੇਤ ਵਰਗ ਅੱਗੇ ਆਵੇ ਅਤੇ ਲੋਕਾਂ ਨੂੰ ਸਮਝਾਇਆ ਜਾਵੇ ਕਿ ਉਹ ਸੰਤਾਂ-ਸਾਧਾਂ ਦੇ ਭੇਖ 'ਚ ਧਾਰਮਿਕ ਹੱਟੀਆਂ ਖੋਲ੍ਹ ਕੇ ਬੈਠੇ 'ਬਨਾਰਸ ਦੇ ਠੱਗਾਂ' ਤੋਂ ਦੂਰ ਰਹਿਣ ਅਤੇ ਆਪਣੇ ਜੀਵਨ ਦਾ ਅਧਾਰ ਸੱਚ ਨੂੰ ਬਣਾਉਂਣ। ਫਿਰ ਉਨਾ ਦੀ ਮਾਨਸਿਕ ਅਵਸਥਾ ਹਮੇਸ਼ਾਂ ਚੜ੍ਹਦੀ ਕਲਾ ਵਿੱਚ ਰਹੇਗੀ ਅਤੇ ਉਨਾ ਨੂੰ ਕਿਸੇ ਨਕਲੀ ਠੁੰਮਣੇਂ ਦੀ ਲੋੜ ਨਹੀਂ ਰਹੇਗੀ।

**-ਜਸਪਾਲ ਸਿੰਘ**


ਸਿਆਟਲ ਏਰੀਏ ਵਿਚ

PREMIUM ALUMINIUM RAILING SYSTEM

ਕਮਰਸ਼ੀਅਲ ਅਤੇ ਰੈਜੀਡੈਂਸ਼ੀਅਲ ਸੇਵਾਵਾਂ ਪ੍ਰਦਾਨ ਕਰਦੇ ਹਨ



*FENCE *GATE *RAILING

*ਪਿਕੇਟ ਰੇਲਿੰਗ
*ਸ਼ੀਸ਼ੇ ਦੀ ਰੇਲਿੰਗ
*ਡਰਾਈਵਵੇਅ ਗੇਟਸ
*ਵਿੰਡੋ ਸਕਿਓਰਟੀ ਬਾਰਸ
*ਪੈਟੀਓ ਕਵਰ
*ਐਲੂਮਿਨੀਅਮ ਦੀਆਂ ਪੌੜੀਆਂ

ਹੰਢਣਸਾਰ
ਆਧੁਨਿਕ ਡਿਜ਼ਾਈਨ
ਦੇਖਭਾਲ ਮੁਕਤ

ਤਸੱਲੀਬਖਸ਼ ਸੇਵਾਵਾਂ
ਅਤੇ ਵਧੀਆ ਰੇਟ
ਫਰੀ ਐਸਟੀਮੇਟ

Call for more Info:Deep Singh

206-934-9099



## ਗੁਰੂ ਨਾਨਕ ਗੁਰਸਿੱਖ ਗੁਰਦੁਆਰਾ

ਲਿੰਡਨ (ਬੈਲਿੰਗਹੈਮ), WA (ਯੂ.ਐਸ.ਏ) (USA)

176 E Pole Road / 6934 Meridian St Lynden, WA. 98264 (Bellingham)



ਬਾਬਾ ਬੁੱਢਾ ਸਾਹਿਬ ਜੀ ਦੀ ਯਾਦ ਵਿਚ ਨਿਸ਼ਾਨ ਸਿੰਘ ਗਿੱਲ ਪਰਿਵਾਰ ਵੱਲੋਂ ਅਖੰਡਪਾਠ ਸਾਹਿਬ ਦੀ ਸੇਵਾ ਕਰਵਾਈ ਜਾਵੇਗੀ

2 ਅਕਤੂਬਰ ਦਿਨ ਸ਼ੁੱਕਰਵਾਰ ਅਖੰਡਪਾਠ ਸਾਹਿਬ ਆਰੰਭ ਹੋਣਗੇ ਅਤੇ 4 ਅਕਤੂਬਰ ਦਿਨ ਐਤਵਾਰ ਨੂੰ ਭੋਗ ਪਾਏ ਜਾਣਗੇ।

ਪਰਿਵਾਰ ਵੱਲੋਂ ਤਿੰਨੇ ਦਿਨ ਲੰਗਰਾਂ ਦੀ ਸੇਵਾ ਹੋਵੇਗੀ।

ਮੁੱਖ ਸੇਵਾਦਾਰ:ਪਰਮਜੀਤ ਸਿੰਘ ਕੁਲਾਰ: 360-733-6444, ਮੁੱਖ ਵਜ਼ੀਰ ਗਿਆਨੀ ਹਰੀ ਸਿੰਘ ਜੀ 360-398-1184

ਵੱਲੋਂ:ਗੁ. ਪ੍ਰਬੰਧਕ ਕਮੇਟੀ ਤੇ ਸਮੂੰਹ ਇਲਾਕਾ ਨਿਵਾਸੀ

# ਰੂਸੀ Tu-95 ਪ੍ਰਮਾਣੂ-ਸਮਰੱਥ ਬੰਬਾਰ ਜਹਾਜ਼ ਹਾਦਸਾਗ੍ਰਸਤ, ਛੇ ਲੋਕਾਂ ਦੀ ਮੌਤ

ਮਾਸਕੋ:-ਰੂਸ ਦੇ ਰੱਖਿਆ ਮੰਤਰਾਲੇ ਦੇ ਅਨੁਸਾਰ, ਇੱਕ ਰੂਸੀ ਫੌਜੀ ਜਹਾਜ਼ ਅਮੁਰ ਦੇ ਪੂਰਬੀ ਖੇਤਰ ਵਿੱਚ ਹਾਦਸਾਗ੍ਰਸਤ ਹੋ ਗਿਆ ਹੈ, ਜਿਸ ਵਿੱਚ ਘੱਟੋ-ਘੱਟ ਛੇ ਚਾਲਕ ਦਲ ਦੇ ਮੈਂਬਰ ਮਾਰੇ ਗਏ ਹਨ ਅਤੇ ਇੱਕ ਨੂੰ ਹਸਪਤਾਲ ਵਿੱਚ ਭਰਤੀ ਕਰਵਾਇਆ ਗਿਆ ਹੈ।

ਰੂਸੀ ਸਰਕਾਰੀ ਮੀਡੀਆ ਨੇ ਮੰਗਲਵਾਰ ਨੂੰ ਮੰਤਰਾਲੇ ਦੇ ਹਵਾਲੇ ਨਾਲ ਕਿਹਾ ਕਿ ਟੀਯੂ-95 ਜਹਾਜ਼ ਚੀਨ ਦੀ ਸਰਹੱਦ ਨਾਲ ਲੱਗਦੇ ਖੇਤਰ ਅਮੁਰ ਦੇ ਇੱਕ ਨਿਜਾਤ ਖੇਤਰ ਵਿੱਚ ਇੱਕ ਸਿਖਲਾਈ ਉਡਾਣ ਦੌਰਾਨ ਹਾਦਸਾਗ੍ਰਸਤ ਹੋ ਗਿਆ।ਸਰਕਾਰੀ ਖ਼ਬਰ ਏਜੰਸੀ ਦੇ ਅਨੁਸਾਰ, ਜਹਾਜ਼ ਬਿਨਾਂ ਗੋਲਾ ਬਾਰੂਦ ਦੇ ਉਡਾਣ ਭਰ ਰਿਹਾ ਸੀ।

ਇੰਟਰਫੈਕਸ ਖ਼ਬਰ ਏਜੰਸੀ ਨੇ ਰੂਸ ਦੀ ਫੌਜ ਦੇ ਹਵਾਲੇ ਨਾਲ ਕਿਹਾ ਕਿ ਇੱਕ ਏਰੋਸਪੇਸ ਫੋਰਸਿਜ਼ ਕਮਿਸ਼ਨ ਨੂੰ "ਘਟਨਾ ਦੇ ਸਾਰੇ ਹਾਲਾਤਾਂ ਨੂੰ ਸਥਾਪਤ ਕਰਨ ਲਈ ਕਰੈਸ਼ ਸਾਈਟ 'ਤੇ ਭੇਜਿਆ ਗਿਆ ਹੈ"।ਕਥਿਤ ਹਾਦਸੇ ਤੋਂ ਬਾਅਦ ਦੇ ਅਣ-ਪ੍ਰਮਾਣਿਤ ਸੋਸ਼ਲ ਮੀਡੀਆ ਵੀਡੀਓਜ਼ ਵਿੱਚ ਸੜਦੇ ਜਹਾਜ਼ ਤੋਂ ਵੱਡੀ ਮਾਤਰਾ ਵਿੱਚ ਧੂੰਆਂ ਉੱਠਦਾ ਦਿਖਾਇਆ ਗਿਆ ਹੈ।


ਹੁਣ ਕੈਂਟ ਵਿੱਚ ਵਿਜੈ ਜਿਊਲਰਜ਼ ਨੇ ਆਪਣੀ ਨਵੀਂ ਦੁਕਾਨ ਖੋਲ੍ਹ ਦਿੱਤੀ ਹੈ

Vijay JEWELLERS INC.

Specializing in 22K Gold




ਸੋਨੇ ਦੀਆਂ ਬਾਰਾਂ ਸਪੈਸ਼ਲ ਕੀਮਤਾਂ ਤੇ ਮਿਲਦੀਆਂ ਹਨ



ਅਨੇਕਾਂ ਪ੍ਰਕਾਰ ਦੇ ਗਹਿਣੇ
ਲੇਟੈਸਟ ਡਿਜਾਈਨਾਂ ਵਿਚ ਲਵੋ

ਹਰੇਕ ਤਰ੍ਹਾਂ ਦੇ ਨਗ ਸਰਟੀਫਾਈਡ ਮਿਲਦੇ ਹਨ

ਅਸੀਂ ਹਰ ਤਰਾਂ ਦੇ ਗਹਿਣੇ ਰਿਪੇਅਰ ਵੀ ਕਰਦੇ ਹਾਂ

Naman Dhawan
856-325-9919, 253-277-3854

Vijay Dhawan
253-656-2666

25416 104th Ave SE, Kent, WA 98030, USA
www.vijayjewellersseattle.com vijayjewellersinc@gmail.com

# ਬਾਜ ਦੀ ਅੱਖ

ਵਿਜਨ ਬਹੁਤ, ਅਸਮਾਨਾਂ ‘ਚ ਉਡਦੇ ਵੀ ਧਰਤੀ ਦੀ ਟੋਹ ਰਖਦੀ ਬਾਜ ਦੀ ਅੱਖ ਕਿ ਕਿਥੇ ਕੀ ਫਿਰ ਰਿਹਾ।

ਪਰ ਪਤਾ ਕਿਓਂ?

ਕਿਓਂਕਿ ਓਹ ਉੱਚਾ ਉਡ ਰਿਹਾ ਹੁੰਦਾ। ਜਿੰਨਾ ਉੱਚਾ ਵਿਜਨ ਓਨਾ ਜਿਆਦਾ।

ਹੇਠਾਂ ਰੀਂਗਦੇ ਦੀ ਮੇਰੀ ਅੱਖ ਤਾਂ ਜੁਗਾਂ ਤੋਂ ਹਾਲਾਂ ਬਾਦਲ ਈ ਨਹੀ ਦੇਖ ਪਾਈ, ਨਾ ਭੰਤਾ ਸ਼ਰਾਬੀ, ਨਾ ਬੀਜੇਪੀ। ਕਾਂਗਰਸ ਦੀ ਗੱਲ ਈ ਛਡੋ ਸ਼ਰੇਆਮ ਟੈਂਕ ਚਾਹੜੇ। ਖੁਦ ਦੇ ਪੈਰਾਂ ਤੋਂ ਅਗੇ ਅੱਖ ਜਾਂਦੀ ਓ ਈ ਨਹੀ।

ਹਰੇਕ ਮਗਰ ਝੰਡੇ ਚੁੱਕੀ ਫਿਰਨ ਵਾਲੀ ਅੱਖ ਦਾ ਵਿਜਨ ਕਿੰਨਾ ਕੁ ਹੋ ਸਕਦਾ। ਹਰੇਕ ਸ਼ਰਾਬੀ ਅਮਲੀ ਦੇ ਪੈਰਾਂ ਵਿੱਚ ਲਿਟਣ ਦਾ ਵਿਜਨ ਨਾਲ ਕੀ ਵਾਸਤਾ।

ਮੇਰਾ ਵਿਜਨ ਜਾਂਦਾ ਲਗਾ ਕਿਓਕਿਂ ਮੇਰੀ ਉਚੇ ਅਸਮਾਨਾ ਦੀ ਉਡਣ ਦੀ ਸਮਰਥਾ ਹੀ ਨਾ ਰਹੀ।

ਕੁਕੜ ਵਰਗੀਆਂ ਉਡਾਰੀਆਂ। ਐਵੇਂ ਈ ਕਦੇ ਓਥੇ ਡਿੱਗ ਕਦੇ ਕਿਸੇ ਦੇ ਪੈਰਾਂ ਹੇਠ ਵਿਸ਼।

ਗੁਰ ਲਿਵ ਨਾਲੋਂ ਟੁਟਾ ਪੰਜਾਬ ਉਚੀਆਂ ਉਡਾਰੀਆਂ ਈ ਖੋਹ ਬੈਠਾ ਤਾਂ ਹੇਠਾਂ ਰੀਂਗਣ ਤੇ ਵਿਜਨ ਕਿਥੇ ਰਹਿਣਾ ਸੀ। ਦੂਰਅੰਦੇਸ਼ੀ ਕਿਥੋਂ ਆਓਣੀ ਸੀ।

ਰੂਹਾਨੀਅਤ ਛਡੋ ਮੇਰੀ ਰਾਜਨੀਤੀ ਉਪਰਲੀ ਪਕੜ ਹੀ ਦਸਦੀ ਮੈਂ ਕਿੰਨਾ ਕੁ ਉੱਚਾ ਉਡ ਰਿਹਾਂ, ਵਿਜਨ ਕਿੰਨਾ ਕੁ ਮੇਰਾ। ਭੁੱਕੀ ਸ਼ਰਾਬ ਡੋਡੇ ਨਸ਼ੇ। ਇਨੇ ਕੁ ਉਪਰ ਵਿਕਣ ਵਾਲੇ ਦੀ ਉਡਾਰੀ ਕੀ ਸਕਦੀ।

ਕਹਿੰਦੇ ਕਾਂ ਜਦ ਬਾਜ ਨੂੰ ਅਵਾਜਾਰ ਕਰਦਾ ਉਸ ਨੂੰ ਜਾਪਦਾ ਕਾਂ ਵਰਗੀ ਨਸਲ ਨਾਲ ਉਲਝਣਾ ਈ ਮੇਰੀ ਸ਼ਾਨ ਦੇ ਖਿਲਾਫ ਐ ਅਤੇ ਉਹ ਹੋਰ ਉਚਾ ਉਡ ਜਾਂਦਾ। ਪਰ ਪੰਜਾਬ ਦੀ ਬਦਕਿਸਮਤੀ ਉਸ ਨੂੰ ਭੰਡਾਂ ਮਸਖਰਿਆ ਸ਼ਰਾਬੀਆਂ ਅਮਲੀਆਂ ਨਾਲ ਉਲਝਣਾ ਪੈ ਰਿਹਾ ਪਰ ਪਤਾ ਕਿਓਂ?

ਹੇਠਾਂ ਅਪਣੇ ਆਖੇ ਜਾਂਦੇ ਈ ਲਤਾਂ ਖਿਚੀ ਖੜੇ ਕਿ ਉਡ ਕੇ ਦਿਖਾ। ਬਚ ਨਿਕਲਣ ਦੇ ਪੈਤੜੇ ਹੁੰਦੇ। ਸਿੰਘ ਕਦੇ ਦੌੜ ਨਿਕਲਦੇ ਸਨ ਕਦੇ ਸਿਧਾ ਹਿੱਕ ਵਿੱਚ। ਸਰਹੰਦ ਦੀ ਚੜਾਈ ਸਮੇ ਬਾਬੇ ਨੂੰ ਸਿੰਘ ਆਂਹਦੇ ਲੁਟੇਰੇ। ਬਾਬਾ ਆਂਹਦਾ ਆਓਂਣ ਦਿਓ ਹਾਲਾਂ ਇਨਾ ਦੀ ਵੀ ਲੋੜ ਐ।

ਜਦ ਤੁਸੀਂ ਘਿਰੇ ਹੁੰਨੇ ਪਹਿਲ ਨਿਕਲਣ ਨੂੰ ਹੁੰਦੀ ਨਾ ਕਿ ਕੰਧ ‘ਚ ਵਜ ਕੇ ਮਥੇ ਪੜਵਾਓਂਣ ਦੀ।

ਪੰਜਾਬ ਬੁਰੀ ਤਰਾਂ ਘਿਰ ਚੁਕਾ ਹੋਇਆ। ਇੱਕ ਤੋਂ ਬਾਅਦ ਦੂਜੀ ਨਸਲ ਵੀ ਉਨ ਬਰਬਾਦ ਕਰ ਮਾਰੀ ਅਤੇ ਤੀਜੀ ਦੁਆਲੇ ਓਹ ਤਿਆਰ ਨੇ। ਪਰ ਮੈਨੂੰ ਫਿਕਰ ਖਾਲਿਸਤਾਨ ਦਾ ਪਿਆ ਬੰਦਾ ਕੋਈ ਬਚੂ ਤਾਂ ਖਾਲਿਸਤਾਨ ਅਰਥ ਰਖਦਾ ਕਿ ਲਾਸ਼ਾਂ ਉਪਰ ਬਣਾਓਂਣਾ ਖਾਲਿਸਤਾਨ।

ਅੰਮ੍ਰਿਤਪਾਲ ਜਦ ਖਾਲਿਸਤਾਨ ਕਹਿੰਦਾ ਸੀ ਓਦੋਂ ਕਿਹੜਾ ਸ਼ਾਤੀ ਸੀ ਕਿ ਜਿਹੜਾ ਹੁਣ ਉਨ ਬਣਦਾ ਬਣਦਾ ਢਾਹ ਦਿਤਾ। ਚੋਣਾਂ ਵੋਣਾਂ ਵਿਚੋਂ ਕੁਝ ਨਹੀ ਕਢਣ ਪਾਓਂਣ ਨੂੰ ਸਭ ਨੂੰ ਪਤਾ ਪਰ ਦੁਨੀਆਂ ਸਾਹਵੇਂ ਮੈਨੂੰ ਫੇਸ ਤਾਂ ਕਰ ਲੈਣ ਦਿਓ, ਦਸ ਲੈਣ ਤਾਂ ਦਿਓ ਕਿ ਆਹਾ ਐ। ਓਮ ਨਮੋ ਸ਼ਾਂਤੀ ਜਿਸਦੀਆਂ ਵਾਜੇ ਤੂਤੀਆਂ ਇਹ ਰੋਜ ਵਜਾਓਂਦੇ ਕਿ ਡੈਮੋਕ੍ਰੇਸੀ ਦੇ ਚੈਪੀਅਨ ਆਂ ਅਸੀਂ।

ਲੋਕਾਂ ਉਡਾਰੀ ਵੇਖੀ ਕਿ ਬੰਦੇ ਵਿੱਚ ਕਿ ਦਮ ਐ, ਗੱਲ ਵਿਚ ਦਮ ਹੈ,ਓਹ ਪਹਿਲਾਂ ਦੀਪ ਸਿੱਧੂ ਮੁੜ ਅੰਮ੍ਰਿਤਪਾਲ ਮਗਰ ਵਗ ਤੁਰੇ ਪਰ ਬੁੱਢੇ ਖੰਭਾਂ ਵਾਲੇ? ਉਡ ਕਿਵੇਂ ਜਾਊ, ਆਸਮਾਨ ਤਾਂ ਸਾਡਾ ਰਹਿ ਚੁਕਾ। ਅਸੀਂ ਅਸਮਾਨ ਦੇ ਮਾਲਕ।

ਵਿਜਨ ਖੋਹ ਬੈਠੇ ਕਿਓਕਿ ਸੁਰਤ ਹੇਠਾਂ ਆਓਂਦੀ ਗਈ ਤੇ ਸੁਰਤ ਹੀ ਬੇਸ ਐ ਜਿਸ ਨੂੰ ਗੁਰਾਂ ਮਤ ਕਿਹਾ ਅਤੇ ਮਤ ਉਚੀ ਮੰਗੀ। ਮਤ ਜਿਓਂ ਉਚੀ ਹੁੰਦੀ ਗਲ ਸਮਝ ਆਓਂਣ ਲਗਦੀ ਕਿ ਜੇ ਨਹੀ ਮੇਰੇ ਖੰਭਾਂ ਵਿਚ ਜਾਨ ਰਹੀ ਤਾਂ ਕਿਸੇ ਹੋਰ ਨੂੰ ਤਾਂ ਉਡ ਲੈਣ ਦਿਆਂ ਨਹੀ ਤਾਂ ਜਰਵਾਣਿਆਂ ਨਾਲ ਤਾਂ ਪੰਜਾਬ ਫਿਰ ਘਿਰਿਆ ਹੀ ਪਿਆ। -ਗੁਰਦੇਵ ਸਿੰਘ ਸੱਧੇਵਾਲੀਆ

J&S CABINET DOORS LTD
phone:604-507-0561 fax:604-507-0562
unit 101-13070-115Ave, Surrey, BC V3R2T9
email:info@jscd.ca web:www.jscd.ca




We have manufactured high-end cabinet doors since 1997. We offer a variety of door styles. For inquiries visit our new factory or reach out at sales@jscd.ca
Ph:604-507-0561

## ਪਾਣੀ ਦੇ ਮਸਲੇ ਤੇ ਬੰਗਲਾ ਦੇਸ਼ ਨਾਲ ਵੀ ਬਾਰਤ ਦਾ ਪੈ ਸਕਦਾ ਪੰਗਾ

ਢਾਕਾ: ਭਾਰਤ ਅਤੇ ਬੰਗਲਾਦੇਸ਼ ਵਿਚਕਾਰ ਤਿੰਨ ਦਹਾਕੇ ਪੁਰਾਣੀ ਗੰਗਾ ਜਲ ਸੰਧੀ ਇਸ ਸਾਲ ਖਤਮ ਹੋ ਰਹੀ ਹੈ। ਦੋਵਾਂ ਦੇਸ਼ਾਂ ਦੇ ਅਧਿਕਾਰੀਆਂ ਨੇ ਗੰਗਾ ਜਲ ਸੰਧੀ ਨੂੰ ਨਵਿਆਉਣ ਲਈ ਸ਼ੁਰੂਆਤੀ ਗੱਲਬਾਤ ਸ਼ੁਰੂ ਕਰ ਦਿੱਤੀ ਹੈ, ਜੋ ਦਸੰਬਰ ਵਿੱਚ ਖਤਮ ਹੋ ਰਹੀ ਹੈ। ਇਸ ਦੌਰਾਨ, ਰਿਪੋਰਟਾਂ ਬੰਗਲਾਦੇਸ਼ ਵਿੱਚ ਵਾਤਾਵਰਣ ਸਮੂਹਾਂ ਵਿੱਚ ਪਾਣੀ ਦੇ ਮੁੱਦਿਆਂ, ਖਾਸ ਕਰਕੇ ਗੰਗਾ ਬੈਰਾਜ ਬਾਰੇ ਪਾਰਦਰਸ਼ਤਾ ਦੀ ਘਾਟ ਨੂੰ ਲੈ ਕੇ ਵਧਦੀ ਚਿੰਤਾ ਦਾ ਸੰਕੇਤ ਦਿੰਦੀਆਂ ਹਨ। ਮਾਹਿਰਾਂ ਨੇ ਬੰਗਲਾਦੇਸ਼ ਨੂੰ ਗੰਗਾ ਬੈਰਾਜ ਨਾਲ ਉਹੀ ਸਮੱਸਿਆਵਾਂ ਹੋਣ ਦੀ ਚੇਤਾਵਨੀ ਦਿੱਤੀ ਹੈ ਜੋ ਭਾਰਤ ਨੂੰ ਫਰੱਕਾ ਬੈਰਾਜ ਨਾਲ ਦਰਪੇਸ਼ ਹਨ। ਏਸ਼ੀਅਨ ਗ੍ਰੋਥ ਰਿਸਰਚ ਇੰਸਟੀਚਿਊਟ ਦੇ ਪ੍ਰੋਫੈਸਰ ਨਜ਼ਰੁਲ ਇਸਲਾਮ ਅਤੇ ਅਮਰੀਕਾ ਦੀ ਕਾਮਨਵੈਲਥ ਯੂਨੀਵਰਸਿਟੀ ਦੇ ਪ੍ਰੋਫੈਸਰ ਖਾਲੇਕੁਜ਼ਮਾਨ ਨੇ ਪ੍ਰਥੋਮੋਲੋ ਵਿੱਚ ਇੱਕ ਲੇਖ ਵਿੱਚ ਇਹ ਮੁੱਦਾ ਉਠਾਇਆ। ਉਨ੍ਹਾਂ ਕਿਹਾ ਕਿ ਦੋ ਗੈਰ-ਸਰਕਾਰੀ ਸੰਗਠਨਾਂ - ਬੰਗਲਾਦੇਸ਼ ਵਾਤਾਵਰਣ ਨੈੱਟਵਰਕ ਅਤੇ ਬੰਗਲਾਦੇਸ਼ ਪਰਿਬੇਸ਼ ਅੰਦੋਲਨ - ਨੇ ਗੰਗਾ ਬੈਰਾਜ ਪ੍ਰੋਜੈਕਟ ਬਾਰੇ ਗੰਭੀਰ ਸਵਾਲ ਉਠਾਏ ਹਨ। ਇਨ੍ਹਾਂ ਸਵਾਲਾਂ ਨੂੰ ਹੱਲ ਕਰਨ ਦੀ ਲੋੜ ਹੈ, ਕਿਉਂਕਿ ਇਹ ਲੱਖਾਂ ਬੰਗਲਾਦੇਸ਼ੀਆਂ ਦੇ ਜੀਵਨ ਨੂੰ ਪ੍ਰਭਾਵਤ ਕਰ ਸਕਦਾ ਹੈ।

ਪਿਛਲੇ 25 ਸਾਲ ਤੋਂ ਇੰਡੀਅਨ ਰੈਸਟੋਰੈਂਟ ਚਲਾ ਰਹੇ (India Bistro Roosevelt) ਨੇ ਸ਼ੁਰੂ ਕਰ ਦਿੱਤੀ ਹੈ
#1 Services On Your Special Events
SARDAR JI CATERING
Website:www.sardarjicatering.com



ਗੁਰਦੁਆਰਾ ਸਾਹਿਬ ਦੇ ਪ੍ਰੋਗਰਾਮਾਂ ਲਈ ਸੇਵਾਵਾਂ ਵੀ ਦਿੰਦੇ ਹਾਂ ਅਤੇ ਲੰਗਰ ਪੂਰੀ ਗੁਰ ਮਰਿਯਾਦਾ ਅਨੁਸਾਰ ਤਿਆਰ ਕੀਤਾ ਜਾਂਦਾ ਹੈ
- ਸ਼ਾਨਦਾਰ ਸਰਵਿਸ (ਤਜਰਬੇਕਾਰ ਅਤੇ ਟਰੇਨਡ ਕੁੱਕ)
- ਅਸੀਂ ਕੇਟਰਿੰਗ ਲਈ ਲਾਇਸੈਂਸਡ ਹਾਂ ਤੇ Hygenic Services ਦਿੰਦੇ ਹਾਂ
- ਪੰਜਾਬੀਆਂ ਦੇ ਜਾਇਕੇਦਾਰ ਲਾਜਵਾਬ ਸਵਾਦਲੇ ਖਾਣੇ ਬਣਾਉਂਦੇ ਹਾਂ
- ਕੇਟਰਿੰਗ ਤੋਂ ਇਲਾਵਾ ਕਰੌਕਰੀ ਅਤੇ ਵੇਟਰਾਂ ਦਾ ਪ੍ਰਬੰਧ ਕਰਦੇ ਹਾਂ
- LIVE FRESH ਕੁਕਿੰਗ
- Excellent Food Presentation
- ਤੁਹਾਡੇ ਬੱਜਟ ਤੇ ਸਵਾਦ ਮੁਤਾਬਕ ਕਸਟਮਮੇਡ Menus
- ਹਰ ਤਰ੍ਹਾਂ ਦੇ ਫੰਕਸ਼ਨ ਤੇ ਸੇਵਾਵਾਂ ਪ੍ਰਦਾਨ ਕਰਦੇ ਹਾਂ
- ਲਾਇਸੈਂਸਡ ਫੂਡ ਟਰੱਕ ਅਤੇ ਤੰਦੂਰ ਲਾਉਂਦੇ ਹਾਂ

Special Catering Service for 100-125 persons
*No matter the Event *Count on us * Available for all occasions
ਬੈਲਿੰਗਹਾਮ ਤੋਂ ਪੋਰਟਲੈਂਡ ਤੱਕ ਕੇਟਰਿੰਗ ਕਰਦੇ ਹਾਂ
For Catering Enquiries Contact: Off:206-517-4444, Cell:206-771-5079
6417 Roosevelt Way NE #105, Seattle WA 98115 Email:sardarjicatering@gmail.com

# ਈਰਾਨ ਵੱਲੋਂ ਯੂਏਈ, ਸਾਊਦੀ ਅਰਬ ਅਤੇ ਕੁਵੈਤ ਨਾਲ ਨੇੜਤਾ ਲਈ ਯਤਨ

ਤਹਿਰਾਨ: ਈਰਾਨ ਨੇ ਆਪਣੇ ਗੁਆਂਢੀਆਂ ਬਾਰੇ ਇੱਕ ਮਹੱਤਵਪੂਰਨ ਬਿਆਨ ਜਾਰੀ ਕੀਤਾ ਹੈ। ਇਸ ਨੇ ਕਿਹਾ ਹੈ ਕਿ ਅਮਰੀਕਾ ਆਪਣੇ ਗੁਆਂਢੀਆਂ ਨਾਲ ਆਪਣੇ ਸਬੰਧਾਂ ਵਿੱਚ ਦਖਲ ਨਹੀਂ ਦੇ ਸਕਦਾ। ਇਹ ਬਿਆਨ ਈਰਾਨ ਵੱਲੋਂ ਪਿਛਲੇ ਕੁਝ ਮਹੀਨਿਆਂ ਵਿੱਚ ਆਪਣੇ ਗੁਆਂਢੀਆਂ ‘ਤੇ ਵੱਡੇ ਹਮਲੇ ਕਰਨ ਤੋਂ ਬਾਅਦ ਆਇਆ ਹੈ।ਈਰਾਨੀ ਫੌਜ ਨੇ ਕਿਹਾ ਹੈ ਕਿ ਅਮਰੀਕਾ ਆਪਣੇ ਗੁਆਂਢੀਆਂ ਨਾਲ ਆਪਣੇ ਸਬੰਧਾਂ ਵਿੱਚ ਕਦੇ ਵੀ ਦਖਲ ਨਹੀਂ ਦੇ ਸਕਦਾ। ਇਹ ਬਿਆਨ ਈਰਾਨ ਵੱਲੋਂ ਅਮਰੀਕਾ-ਇਜ਼ਰਾਈਲੀ ਹਮਲਿਆਂ ਤੋਂ ਬਾਅਦ ਆਪਣੇ ਗੁਆਂਢੀਆਂ ਵਿਰੁੱਧ ਵੱਡੇ ਹਵਾਈ ਹਮਲੇ ਕਰਨ ਤੋਂ ਬਾਅਦ ਆਇਆ ਹੈ। ਇਨ੍ਹਾਂ ਹਮਲਿਆਂ ਵਿੱਚ ਸੰਯੁਕਤ ਅਰਬ ਅਮੀਰਾਤ, ਸਾਊਦੀ ਅਰਬ, ਬਹਿਰੀਨ, ਕੁਵੈਤ, ਕਤਰ ਅਤੇ ਓਮਾਨ ਨੂੰ ਭਾਰੀ ਨੁਕਸਾਨ ਹੋਇਆ ਹੈ। ਹਾਲਾਂਕਿ, ਈਰਾਨ ਦੀ ਰਣਨੀਤੀ ਹੁਣ ਬਦਲ ਗਈ ਹੈ ਅਤੇ ਉਹ ਆਪਣੇ ਗੁਆਂਢੀਆਂ ਨਾਲ ਆਪਣੇ ਸਬੰਧਾਂ ਵਿੱਚ ਸੁਧਾਰ ਕਰ ਰਿਹਾ ਹੈ। ਈਰਾਨ ਦੇ ਵਿਦੇਸ਼ ਮੰਤਰੀ, ਅੱਬਾਸ ਅਰਾਘਚੀ, ਅਰਬ ਦੇਸ਼ਾਂ ਨਾਲ ਲਗਾਤਾਰ ਸੰਪਰਕ ਵਿੱਚ ਹਨ।

ਇਸਲਾਮਿਕ ਰੈਵੋਲਿਊਸ਼ਨਰੀ ਗਾਰਡ ਕੋਰ ਦੇ ਬ੍ਰਿਗੇਡੀਅਰ ਜਨਰਲ ਹੁਸੈਨ ਮੋਹੇਬੀ ਨੇ ਕਿਹਾ ਕਿ ਈਰਾਨ ਦੇ ਆਪਣੇ 15 ਗੁਆਂਢੀ ਦੇਸ਼ਾਂ ਨਾਲ ਸਬੰਧਾਂ ਨੂੰ ਤੋੜਿਆ ਨਹੀਂ ਜਾ ਸਕਦਾ। ਉਨ੍ਹਾਂ ਦਲੀਲ ਦਿੱਤੀ ਕਿ ਅਮਰੀਕਾ ਨੇ 47 ਸਾਲਾਂ ਤੋਂ ਈਰਾਨ ਨੂੰ ਘੇਰਨ ਦੀ ਕੋਸ਼ਿਸ਼ ਕੀਤੀ ਹੈ, ਪਰ ਹਰ ਵਾਰ ਅਸਫਲ ਰਿਹਾ ਹੈ। ਮੋਹੱਬੀ ਨੇ ਕਿਹਾ ਕਿ ਅਮਰੀਕਾ ਪਾਬੰਦੀਆਂ ਲਗਾ ਸਕਦਾ ਹੈ, ਪਰ ਸਾਨੂੰ ਰੋਕ ਨਹੀਂ ਸਕਦਾ। ਸਾਡਾ ਦੇਸ਼ ਬਹੁਤ ਵੱਡਾ ਹੈ। ਸਾਡੇ 15 ਗੁਆਂਢੀ ਦੇਸ਼ ਹਨ। ਸਾਡੇ ਗੁਆਂਢੀ ਦੇਸ਼ਾਂ ਨਾਲ ਸਾਡੇ ਸਬੰਧ ਹਜ਼ਾਰਾਂ ਸਾਲ ਪੁਰਾਣੇ ਹਨ। ਸਾਡੇ ਗੁਆਂਢੀਆਂ ਨਾਲ ਵੀ ਬਹੁਤ ਸਾਰੀਆਂ ਸਮਾਨਤਾਵਾਂ ਹਨ, ਜਿਨ੍ਹਾਂ ਵਿੱਚ ਧਾਰਮਿਕ, ਸੱਭਿਆਚਾਰਕ ਅਤੇ ਭੂਗੋਲਿਕ ਕਾਰਨ ਸ਼ਾਮਲ ਹਨ।

# ਟਰੰਪ ਦੁਆਰਾ ਐਲਾਨੇ ਗਏ 15 ਬਿਲੀਅਨ ਡਾਲਰ ਦੇ ਸਟੀਲ ਮਿੱਲ ਬਣਾਉਣ ਵਾਲੀ ਭਾਰਤੀ ਫਰਮ ਦੇ ਰੂਸ ਨਾਲ ਡੂੰਘੇ ਸਬੰਧ

ਵਾਸ਼ਿੰਗਟਨ:- ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਐਲਾਨ ਕੀਤਾ ਹੈ ਕਿ ਭਾਰਤੀ ਬਹੁ-ਰਾਸ਼ਟਰੀ ਕੰਪਨੀ ਐੱਸਾਰ ਗਰੁੱਪ ਅਮਰੀਕਾ ਦੇ ਇਤਿਹਾਸ ਵਿਚ ‘ਸਭ ਤੋਂ ਵੱਡਾ ਸਟੀਲ ਪਲਾਂਟ’ ਬਣਾਉਣ ਲਈ ਆਇਓਵਾ ਵਿਚ 15 ਬਿਲੀਅਨ ਡਾਲਰ ਦਾ ਨਿਵੇਸ਼ ਕਰੇਗੀ। ਟਰੰਪ ਨੇ ਚ ਐੱਸਾਰ ਗਰੁੱਪ ਦੇ ਸਹਿ-ਸੰਸਥਾਪਕ ਰਵੀ ਰੁਈਆ ਅਤੇ ਉਨ੍ਹਾਂ ਦੇ ਪੁੱਤਰ ਰੇਵੰਤ ਦੀ ਮੌਜੂਦਗੀ ਵਿਚ ਇਹ ਐਲਾਨ ਕੀਤਾ।

ਰਵੀ ਰੁਈਆ ਐਸਾਰ ਗਰੁੱਪ ਦਾ ਸਹਿ-ਸੰਸਥਾਪਕ ਹੈ ਇਸਦੇ ਰੂਸ ਨਾਲ ਵੀ ਸਬੰਧ ਹਨ।ਇਹ ਸਮੂਹ ਸਾਲਾਂ ਤੋਂ ਤੇਲ ਨਾਲ ਜੁੜਿਆ ਹੋਇਆ ਸੀ, ਇਸ ਤੋਂ ਪਹਿਲਾਂ ਕਿ ਇਸਨੇ 2016 ਵਿੱਚ ਭਾਰਤ ਦੀਆਂ ਸਭ ਤੋਂ ਵੱਡੀਆਂ ਨਿੱਜੀ ਤੇਲ ਰਿਫਾਇਨਰੀਆਂ ਵਿੱਚੋਂ ਇੱਕ ਨੂੰ ਰੂਸੀ ਅਗਵਾਈ ਵਾਲੇ ਸੰਘ ਨੂੰ ਲਗਭਗ $13 ਬਿਲੀਅਨ ਵਿੱਚ ਵੇਚ ਦਿੱਤਾ ਸੀ। ਐਸਾਰ ਆਇਲ ਨੂੰ ‘ਨਯਾਰਾ’ ਐਨਰਜੀ ਦੇ ਰੂਪ ਵਿੱਚ ਦੁਬਾਰਾ ਬ੍ਰਾਂਡ ਕੀਤਾ ਗਿਆ ਸੀ।ਅੱਜ, ਨਯਾਰਾ ਐਨਰਜੀ ਰੂਸੀ ਗੈਸ ਪ੍ਰਮੁੱਖ ਰੋਸਨੇਫਟ ਦੀ ਅੱਧੀ ਮਲਕੀਅਤ ਹੈ, ਜੋ ਕਿ ਯੂਕਰੇਨ ‘ਤੇ ਮਾਸਕੋ ਦੀ ਜੰਗ ਕਾਰਨ ਭਾਰੀ ਅਮਰੀਕੀ ਅਤੇ ਯੂਰਪੀਅਨ ਪਾਬੰਦੀਆਂ ਦੇ ਅਧੀਨ ਹੈ। ਨਯਾਰਾ ਇੱਕ ਅਜਿਹੇ ਸਮੇਂ ਰੂਸ ਨੂੰ ਪੈਟਰੋਲੀਅਮ ਉਤਪਾਦਾਂ ਦੇ ਸਪਲਾਇਰ ਵਜੋਂ ਵੀ ਉਭਰਿਆ ਹੈ ਜਦੋਂ ਦੇਸ਼ ਆਪਣੇ ਤੇਲ ਅਤੇ ਗੈਸ ਡਿਪੂਆਂ ‘ਤੇ ਕਈ ਯੂਕਰੇਨੀ ਹਮਲਿਆਂ ਤੋਂ ਬਾਅਦ ਬਾਲਣ ਸੰਕਟ ਦਾ ਸਾਹਮਣਾ ਕਰ ਰਿਹਾ ਹੈ।ਅਤੇ 99 ਸਾਲਾਂ ਦੇ ਸੌਦੇ ਦੇ ਹਿੱਸੇ ਵਜੋਂ, ਨਯਾਰਾ ਭਾਰਤ ਵਿੱਚ ਐਸਾਰ ਦੀ ਬ੍ਰਾਂਡਿੰਗ ਦੀ ਵਰਤੋਂ ਕਰਨਾ ਜਾਰੀ ਰੱਖ ਰਿਹਾ ਹੈ, ਜਿੱਥੇ ਕੰਪਨੀ ਹਜ਼ਾਰਾਂ ਪੈਟਰੋਲ ਸਟੇਸ਼ਨ ਚਲਾਉਂਦੀ ਹੈ। ਨਯਾਰਾ ਯੂਰਪੀਅਨ ਯੂਨੀਅਨ ਦੀਆਂ ਪਾਬੰਦੀਆਂ ਦੇ ਅਧੀਨ ਹੈ।

ਪੰਜਾਬ ਗਾਰਡੀਅਨ
Call to Advertise
604.590.5200

17 SECTOR
Fashion & Fabrics
- ਨਵੇਂ ਜਨਮੇ ਬੱਚਿਆਂ (ਕੁੜੀਆਂ ਤੇ ਮੁੰਡੇ) ਦੇ ਕੱਪੜਿਆਂ ਦੀ ਸ਼ਿਪਮੈਂਟ ਪਹੁੰਚ ਚੁੱਕੀ ਹੈ। ਇਹਨਾਂ ਤੇ ਭਾਰੀ ਸੇਲ ਲੱਗੀ ਹੈ।
- ਗਰਮ ਕੋਟ ਪੈਂਟ ਦਾ ਕੱਪੜਾ ਵੀ ਆ ਚੁੱਕਾ ਹੈ
- ਮੈਨਜ਼ ਕੁਰਤੇ ਪਜਾਮੇ, ਜੈਕਟਾਂ ਤੇ ਭਾਰੀ ਸੇਲ
- ਲੇਡੀਜ਼ ਵਾਸਤੇ ਕਸਟਮ ਸਟਿਚਡ ਸੂਟ ਸੇਲ ਤੇ
- ਕੋਈ ਵੀ ਸਮਾਨ ਦੀ ਖਰੀਦਦਾਰੀ ਤੇ ਛੋਟੇ ਬੱਚਿਆਂ ਵਾਸਤੇ ਫਰੀ ਰੁਮਾਲ ਜਾਂ ਪਟਕੇ
- ਛੋਟੀਆਂ ਕੁੜੀਆਂ ਦੇ ਨਵੇਂ ਸਟਾਇਲ ਦੇ ਸੂਟ ਪਹੁੰਚ ਗਏ ਹਨ

Special Sale
ਸਪੈਸ਼ਲ ਸੇਲ
Mens Printed Vests
1 for $50 & 3 For $100
Unstiched ਲੇਡੀਜ ਸੂਟਾਂ ਤੇ ਭਾਰੀ ਸੇਲ

ਲੇਡੀਜ ਨਾਇਰਾ ਕੱਟ ਸੂਟ
ਇਕ ਲਉ ਇਕ FREE

Mens & Boys ਕੁੜਤਾ ਪਜਾਮਾ
10% ਤੋਂ 30% Off Limited Stock



ਲਹਿੰਗੇ $75 ਤੋਂ ਸ਼ੁਰੂ
ਕੁੜੀਆਂ ਦੇ ਫੈਂਸੀ ਸੂਟਾਂ ਦੀ ਭਾਰੀ ਸ਼ਿਪਮੈਂਟ ਪਹੁੰਚ ਚੁੱਕੀ ਹੈ



ਅਸੀਂ ਹਰ ਤਰਾਂ ਦੇ ਕੱਪੜਿਆਂ ਦੀ ਸਿਲਾਈ ਅਤੇ ਆਲਟਰੇਸ਼ਨ ਕਰਦੇ ਹਾਂ
(We Have All Sizes From New Born To Size 56)
Large Discounts On Artificial Jewellery
#186-8138 128 St, Surrey, BC
Ph:604.594.1788

BADH & REJMINIAK LLP
ਅਸੀਂ ਪੰਜਾਬੀ/ਹਿੰਦੀ ਅਤੇ ਅੰਗਰੇਜੀ ਵਿਚ ਸੇਵਾਵਾਂ ਪ੍ਰਦਾਨ ਕਰਦੇ ਹਾਂ

Areas of Practice
We provide Legal Services in the following areas:
- Civil Litigation
- Immigration
- Family Law
- Business Law
- Real Estate Transactions
- Notarization & Certification

ਅਸੀਂ ਹੇਠ ਲਿਖੇ ਖੇਤਰਾਂ ਵਿਚ ਕਾਨੂੰਨੀ ਸੇਵਾਵਾਂ ਪ੍ਰਦਾਨ ਕਰਦੇ ਹਾਂ
- ਸਿਵਲ ਮੁਕੱਦਮਾ
- ਇੰਮੀਗ੍ਰੇਸ਼ਨ
- ਫੈਮਿਲੀ ਲਾਅ
- ਬਿਜਨਸ ਲਾਅ
- ਰੀਅਲ ਇਸਟੇਟ ਲੈਣ ਦੇਣ
- ਨੋਟਰੀ ਸੇਵਾਵਾਂ/ਫਾਰਮ ਤਸਦੀਕ ਕਰਨਾ






Ph: 604-503-3132
Fax:604-503-3133
Web:www.bnrlaw.ca
Gurpreet Badh, BSc, LLB
Barrister & Solicitor
#2006-7495, 132 St, Surrey, BC V3W 1J8

# ਗਵਰਨਰ ਨਿਊਸਮ ਨੇ ਧਾਰਮਿਕ ਥਾਵਾਂ ਦੀ ਸੁਰੱਖਿਆ ਲਈ ਬਣਾਏ 2 ਨਵੇਂ ਕਾਨੂੰਨ



ਸੈਕਰਾਮੈਂਟੋ:- ਕੈਲੀਫੋਰਨੀਆ ਦੇ ਗਵਰਨਰ ਗੈਵਿਨ ਨਿਊਸਮ ਨੇ 25 ਸਤੰਬਰ ਨੂੰ ਦੋ ਬਿੱਲਾਂ 'ਤੇ ਦਸਤਖ਼ਤ ਕੀਤੇ। ਇਨ੍ਹਾਂ ਦਾ ਮਕਸਦ ਧਾਰਮਿਕ ਥਾਵਾਂ ਅਤੇ ਭਾਈਚਾਰੇ ਦੀਆਂ ਸੰਸਥਾਵਾਂ ਨੂੰ ਹੋਰ ਸੁਰੱਖਿਅਤ ਬਣਾਉਣਾ ਹੈ। ਚਰਚਾਂ, ਗੁਰਦੁਆਰਿਆਂ, ਮਸਜਿਦਾਂ, ਮੰਦਰਾਂ ਅਤੇ ਹੋਰ ਧਾਰਮਿਕ ਥਾਵਾਂ 'ਤੇ ਜਾਣ ਵਾਲੇ ਲੋਕਾਂ ਦੀ ਸੁਰੱਖਿਆ ਲਈ ਨਵੇਂ ਨਿਯਮ ਬਣਾਏ ਗਏ ਹਨ।ਅਸੈਂਬਲੀ ਬਿੱਲ 1836 ਨਾਲ ਸੁਰੱਖਿਆ ਲਈ ਮਿਲਣ ਵਾਲੀ ਸਰਕਾਰੀ ਮਦਦ ਦਾ ਘੇਰਾ ਵਧੇਗਾ। ਹੁਣ ਇਹ ਪੈਸਾ ਧਾਰਮਿਕ ਜਾਂ ਭਾਈਚਾਰਕ ਸਮਾਗਮਾਂ ਦੀ ਸੁਰੱਖਿਆ ਲਈ ਵੀ ਵਰਤਿਆ ਜਾ ਸਕੇਗਾ, ਭਾਵੇਂ ਸਮਾਗਮ ਆਪਣੀ ਇਮਾਰਤ ਤੋਂ ਬਾਹਰ ਹੋਵੇ। ਇਸ ਵਿਚ ਮੇਲੇ, ਜਲੂਸ ਅਤੇ ਹੋਰ ਸੱਭਿਆਚਾਰਕ ਸਮਾਗਮ ਸ਼ਾਮਲ ਹਨ। ਸਰਕਾਰ ਮੁਤਾਬਕ, 2015 ਤੋਂ ਹੁਣ ਤੱਕ 1,600 ਤੋਂ ਵੱਧ ਧਾਰਮਿਕ ਅਤੇ ਹੋਰ ਸੰਸਥਾਵਾਂ ਨੂੰ ਸੁਰੱਖਿਆ ਲਈ ਮਦਦ ਮਿਲੀ ਹੈ।ਅਸੈਂਬਲੀ ਬਿੱਲ 2664 ਧਾਰਮਿਕ ਥਾਵਾਂ ਦੇ ਬਾਹਰ ਲੋਕਾਂ ਦੇ ਆਉਣ-ਜਾਣ ਨੂੰ ਸੁਰੱਖਿਅਤ ਬਣਾਉਣ ਲਈ ਹੈ। ਧਾਰਮਿਕ ਥਾਂ ਦੇ ਦਰਵਾਜ਼ੇ ਤੋਂ 100 ਫੁੱਟ ਦੇ ਅੰਦਰ ਕੋਈ ਵਿਅਕਤੀ, ਬਿਨਾਂ ਸਹਿਮਤੀ, ਅੰਦਰ ਜਾ ਰਹੇ ਜਾਂ ਬਾਹਰ ਆ ਰਹੇ ਲੋਕਾਂ ਦੇ 8 ਫੁੱਟ ਨੇੜੇ ਜਾ ਕੇ ਪਰਚਾ ਨਹੀਂ ਦੇ ਸਕੇਗਾ, ਤਖ਼ਤੀ ਨਹੀਂ ਦਿਖਾ ਸਕੇਗਾ ਅਤੇ ਉਨ੍ਹਾਂ ਨਾਲ ਮੌਖਿਕ ਵਿਰੋਧ ਨਹੀਂ ਕਰ ਸਕੇਗਾ। ਕਿਸੇ ਨੂੰ ਧਮਕਾਉਣਾ, ਰੋਕਣਾ ਜਾਂ ਤੰਗ ਕਰਨਾ ਵੀ ਮਨਾਹੀ ਹੋਵੇਗਾ।ਪਹਿਲੀ ਵਾਰ ਇਹ ਨਿਯਮ ਤੋੜਨ 'ਤੇ 1,000 ਡਾਲਰ ਤੱਕ ਜੁਰਮਾਨਾ ਜਾਂ ਛੇ ਮਹੀਨੇ ਤੱਕ ਜੇਲ੍ਹ ਹੋ ਸਕਦੀ ਹੈ। ਮੁੜ ਉਲੰਘਣਾ ਕਰਨ 'ਤੇ ਸਜ਼ਾ ਹੋਰ ਸਖ਼ਤ ਹੋ ਸਕਦੀ ਹੈ।ਹਇਸ ਕਾਨੂੰਨ ਦੇ ਹਮਾਇਤੀ ਕਹਿੰਦੇ ਹਨ ਕਿ ਲੋਕ ਬਿਨਾਂ ਡਰ ਆਪਣੇ ਧਾਰਮਿਕ ਸਥਾਨਾਂ 'ਤੇ ਜਾ ਸਕਣਗੇ। ਕੁਝ ਲੋਕਾਂ ਨੂੰ ਚਿੰਤਾ ਹੈ ਕਿ ਇਸ ਨਾਲ ਸ਼ਾਂਤਮਈ ਵਿਰੋਧ ਕਰਨ ਜਾਂ ਪਰਚੇ ਵੰਡਣ ਦੇ ਹੱਕ 'ਤੇ ਅਸਰ ਪੈ ਸਕਦਾ ਹੈ। ਇਹ ਕਾਨੂੰਨ ਅਗਲੇ ਸਾਲ ਤੋਂ ਲਾਗੂ ਹੋਵੇਗਾ।

# ਸ਼ਰਨ ਮਾਮਲਿਆਂ 'ਚ 4 ਲੱਖ 40 ਹਜ਼ਾਰ ਤੋਂ ਵੱਧ ਦੇਸ਼ ਨਿਕਾਲੇ ਦੇ ਹੁਕਮ

ਵਾਸ਼ਿੰਗਟਨ:ਅਮਰੀਕਾ ਵਿਚ ਸ਼ਰਨ ਮੰਗਣ ਵਾਲੇ ਲੋਕਾਂ ਵਿਰੁੱਧ ਦੇਸ਼ ਨਿਕਾਲੇ ਦੇ ਹੁਕਮਾਂ ਦੀ ਗਿਣਤੀ ਤੇਜ਼ੀ ਨਾਲ ਵਧੀ ਹੈ।ਇਮੀਗ੍ਰੇਸ਼ਨ ਅਦਾਲਤਾਂ ਦੇ ਰਿਕਾਰਡਾਂ ਦੇ ਵਿਸ਼ਲੇਸ਼ਣ ਮੁਤਾਬਕ, ਰਾਸ਼ਟਰਪਤੀ ਡੋਨਲਡ ਟਰੰਪ ਦੇ ਦੂਜੇ ਕਾਰਜਕਾਲ ਦੇ ਪਹਿਲੇ 19 ਮਹੀਨਿਆਂ ਦੌਰਾਨ 4 ਲੱਖ 40 ਹਜ਼ਾਰ ਤੋਂ ਵੱਧ ਸ਼ਰਨ ਮੰਗਣ ਵਾਲਿਆਂ ਨੂੰ ਅਮਰੀਕਾ ਤੋਂ ਕੱਢਣ ਦੇ ਹੁਕਮ ਦਿੱਤੇ ਗਏ ਹਨ। ਇਹ ਗਿਣਤੀ ਪਿਛਲੇ ਅੱਠ ਸਾਲਾਂ ਦੌਰਾਨ ਜਾਰੀ ਹੋਏ ਅਜਿਹੇ ਕੁੱਲ ਹੁਕਮਾਂ ਤੋਂ ਵੀ ਵੱਧ ਦੱਸੀ ਗਈ ਹੈ।ਇਸ ਅੰਕੜੇ ਦਾ ਮਤਲਬ ਇਹ ਨਹੀਂ ਕਿ ਸਾਰੇ 4 ਲੱਖ 40 ਹਜ਼ਾਰ ਲੋਕਾਂ ਨੂੰ ਅਮਰੀਕਾ ਤੋਂ ਭੇਜਿਆ ਜਾ ਚੁੱਕਾ ਹੈ। ਇਹ ਇਮੀਗ੍ਰੇਸ਼ਨ ਜੱਜਾਂ ਵੱਲੋਂ ਜਾਰੀ ਕੀਤੇ ਦੇਸ਼ ਨਿਕਾਲੇ ਦੇ ਹੁਕਮਾਂ ਦੀ ਗਿਣਤੀ ਹੈ। ਕੁਝ ਲੋਕ ਅਪੀਲ ਕਰ ਸਕਦੇ ਹਨ, ਕੇਸ ਮੁੜ ਖੋਲ੍ਹਣ ਦੀ ਬੇਨਤੀ ਦੇ ਸਕਦੇ ਹਨ ਜਾਂ ਕਿਸੇ ਹੋਰ ਕਾਨੂੰਨੀ ਰਾਹਤ ਲਈ ਅਰਜ਼ੀ ਲਗਾ ਸਕਦੇ ਹਨ।ਟਰੰਪ ਪ੍ਰਸ਼ਾਸਨ ਨੇ ਸ਼ਰਨ ਮਾਮਲਿਆਂ ਦੀ ਕਾਰਵਾਈ ਤੇਜ਼ ਕਰਨ ਲਈ ਕਈ ਨੀਤੀਆਂ ਬਦਲੀਆਂ ਹਨ। ਇਮੀਗ੍ਰੇਸ਼ਨ ਜੱਜਾਂ ਨੂੰ ਕੁਝ ਹਾਲਾਤਾਂ ਵਿਚ ਪੂਰੀ ਸੁਣਵਾਈ ਕੀਤੇ ਬਿਨਾਂ ਕੇਸ ਰੱਦ ਕਰਨ ਦਾ ਅਧਿਕਾਰ ਦਿੱਤਾ ਗਿਆ ਹੈ। ਘਰੇਲੂ ਹਿੰਸਾ ਜਾਂ ਗਿਰੋਹਾਂ ਦੀਆਂ ਧਮਕੀਆਂ ਦੇ ਆਧਾਰ 'ਤੇ ਸ਼ਰਨ ਲੈਣ ਦੇ ਨਿਯਮ ਵੀ ਸਖ਼ਤ ਕੀਤੇ ਗਏ ਹਨ। ਸ਼ਰਨ ਅਧਿਕਾਰੀਆਂ ਨੂੰ ਕੁਝ ਬਿਨੈਕਾਰਾਂ ਦੇ ਮਾਮਲੇ ਸਿੱਧੇ ਦੇਸ਼ ਨਿਕਾਲੇ ਦੀ ਕਾਰਵਾਈ ਵਿਚ ਭੇਜਣ ਲਈ ਕਿਹਾ ਗਿਆ ਹੈ।ਕਾਨੂੰਨ ਅਨੁਸਾਰ ਸ਼ਰਨ ਮੰਗਣ ਲਈ ਵਿਅਕਤੀ ਦਾ ਅਮਰੀਕਾ 'ਚ ਮੌਜੂਦ ਹੋਣਾ ਜ਼ਰੂਰੀ ਹੈ। ਪਰ ਸਿਰਫ਼ ਸ਼ਰਨ ਦੀ ਅਰਜ਼ੀ ਬਕਾਇਆ ਹੋਣ ਨਾਲ ਆਪਣੇ ਆਪ ਕਾਨੂੰਨੀ ਦਰਜਾ ਨਹੀਂ ਮਿਲਦਾ। ਜੇ ਕਿਸੇ ਦਾ ਵੀਜ਼ਾ ਖ਼ਤਮ ਹੋ ਗਿਆ ਹੈ ਜਾਂ ਉਹ ਬਿਨਾਂ ਇਜਾਜ਼ਤ ਦਾਖ਼ਲ ਹੋਇਆ ਸੀ, ਤਾਂ ਬਕਾਇਆ ਸ਼ਰਨ ਕੇਸ ਦੇ ਬਾਵਜੂਦ ਉਸਨੂੰ ਗ੍ਰਿਫ਼ਤਾਰ ਕੀਤਾ ਜਾ ਸਕਦਾ ਹੈ।ਵਕੀਲਾਂ ਦਾ ਕਹਿਣਾ ਹੈ ਕਿ ਤੇਜ਼ ਕਾਰਵਾਈ ਕਾਰਨ ਕੁਝ ਮਜ਼ਬੂਤ ਮਾਮਲਿਆਂ ਨੂੰ ਵੀ ਪੂਰੇ ਸਬੂਤ ਪੇਸ਼ ਕਰਨ ਦਾ ਮੌਕਾ ਨਹੀਂ ਮਿਲ ਰਿਹਾ। ਸਰਕਾਰ ਦਾ ਜਵਾਬ ਹੈ ਕਿ ਲੰਮੀ ਦੇਰੀ ਘਟਾਉਣ ਅਤੇ ਕਮਜ਼ੋਰ ਜਾਂ ਅਯੋਗ ਦਾਅਵਿਆਂ ਦਾ ਜਲਦੀ ਨਿਪਟਾਰਾ ਕਰਨ ਲਈ ਇਹ ਕਦਮ ਜ਼ਰੂਰੀ ਹਨ। ਅਮਰੀਕਾ ਵਿਚ ਇਸ ਸਮੇਂ ਲਗਭਗ 37 ਲੱਖ ਸ਼ਰਨ ਦੇ ਮਾਮਲੇ ਬਕਾਇਆ ਦੱਸੇ ਜਾਂਦੇ ਹਨ।

AKAL TRAVEL
ਅਮਰੀਕਾ ਦੇ ਕਿਸੇ ਵੀ ਸ਼ਹਿਰ ਤੋਂ ਵਧੀਆ ਫਲਾਈਟਾਂ, ਵਧੀਆ ਸੇਵਾਵਾਂ ਅਤੇ ਘੱਟ ਕਿਰਾਏ ਲਈ ਸੰਪਰਕ ਕਰੋ




We Represent All Major Airline
We Will Beat Or Match Any Price
Seattle to Delhi : $785
We Issue The Ticket From India Also
Delhi Bombay Special
Ask For Detail
WE ALSO DO : * NOTARY * VISA * PASSPORT * TRANSLATION
PHONE : 253-852-1984, 253-852-1985
24 HOUR EMERGENCY SERVICE
206-370-9480
TOLL FREE :
1-800-828-8543
EMAIL : FLY@AKALTRAVEL.COM
HOURS : MON TO SAT 9AM TO 7PM AND SUN 1PMTO 6PM


Trusted Name in Real Estate
ਕਿਸੇ ਵੀ ਤਰ੍ਹਾਂ ਦੀ ਰੈਜੀਡੈਂਸ਼ੀਅਲ ਜਾਂ ਕਮਰਸ਼ੀਅਲ ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ ਸਾਡੇ ਨਾਲ ਸੰਪਰਕ ਕਰੋ




GURBINDER DHALIWAL
REAL ESTATE BROKER
Cell:425-314-2111
Email:garyd@windermere.com
garydhaliwal.withwre.com
Windermere REAL ESTATE
801 State Ave,
Marrysville, Wa 98270





Nestled in a serene Cul-de-sac, this exquisite residence offers the perfect blend of comfort and sophistication. The heart of the home lies in its gourmet kitchen, where culinary dreams come to life amidst top-of-the-line appliances, sleek countertops, and ample storage. Step outside onto the covered deck, a true oasis that extends your living space. The ambiance is elevated by a cozy fireplace, providing warm and inviting atmosphere for year-round outdoor enjoyment. Venture downstairs to discover a meticulously finished basement, featuring a private one-bedroom suite and a stylishly appointed bathroom. This versatile space offers endless possibilities, whether used as a guest retreat, home office, or an entertainment hub.




MANDEEP SANGHA
REAL ESTATE BROKER
Cell:425-210-8985
Email:m.sangha@windermere.com
m.sangha.withwre.com
ਅਸੀਂ ਮੁਫਤ ਨੋਟਰੀ ਸੇਵਾਵਾਂ ਦਿੰਦੇ ਹਾਂ

# ਕੈਲੀਫੋਰਨੀਆ ਦੇ ਗੋਦਾਮਾਂ ’ਚੋਂ ਕਾਰਗੋ ਚੋਰੀ ਕਰਨ ਦੇ ਮਾਮਲੇ ’ਚ ਦੋ ਭਾਰਤੀ ਦੋਸ਼ੀ



ਕੈਲੀਫੋਰਨੀਆ : ਦੱਖਣੀ ਕੈਲੀਫੋਰਨੀਆ ਵਿੱਚ ਗੋਦਾਮਾਂ ਵਿੱਚੋਂ ਕਾਰਗੋ ਚੋਰੀ ਕਰਨ ਦੀ ਸਾਜ਼ਿਸ਼ ਰਚਣ ਦੇ ਦੋਸ਼ ਵਿੱਚ ਮੰਗਲਵਾਰ ਨੂੰ ਇੱਕ ਜਿਊਰੀ ਵੱਲੋਂ ਦੋ ਭਾਰਤੀ ਨਾਗਰਿਕਾਂ ਨੂੰ ਦੋਸ਼ੀ ਕਰਾਰ ਦਿੱਤਾ ਗਿਆ ਹੈ। ਇਹ ਦੋਸ਼ੀ ਅਸਲ ਸ਼ਿਪਿੰਗ ਠੇਕਿਆਂ ‘ਤੇ ਬੋਲੀ ਲਗਾਉਣ ਲਈ ਜਾਇਜ਼ ਟਰੱਕਿੰਗ ਕੰਪਨੀਆਂ ਨੂੰ ਖਰੀਦ ਕੇ ਜਾਂ ਧੋਖੇ ਨਾਲ ਵਰਤ ਕੇ, ਕਾਰਗੋ ਲੋਡ ਚੁੱਕਦੇ ਸਨ ਅਤੇ ਤੈਅ ਕੀਤੇ ਗਏ ਟਿਕਾਣਿਆਂ ‘ਤੇ ਮਾਲ ਨਹੀਂ ਪਹੁੰਚਾਉਂਦੇ ਸਨ। ਸੈਕਰਾਮੈਂਟੋ ਦੇ ਰਹਿਣ ਵਾਲੇ ਅਰਸ਼ਪ੍ਰੀਤ ਸਿੰਘ ਅਤੇ ਫੋਂਟਾਨਾ ਦੇ ਰਹਿਣ ਵਾਲੇ ਵਿਕਰਮਜੀਤ ਸਿੰਘ ਨੂੰ ਅੰਤਰ-ਰਾਜ ਜਾਂ ਵਿਦੇਸ਼ੀ ਸ਼ਿਪਮੈਂਟਾਂ ਵਿੱਚੋਂ ਚੋਰੀ ਕਰਨ ਦੀ ਸਾਜ਼ਿਸ਼ ਦੇ ਇੱਕ ਮਾਮਲੇ ਵਿੱਚ ਦੋਸ਼ੀ ਪਾਇਆ ਗਿਆ। ਅਰਸ਼ਪ੍ਰੀਤ ਸਿੰਘ ਨੂੰ ਵਾਇਰ ਫਰਾਡ (ਧੋਖਾਧੜੀ) ਕਰਨ ਦੀ ਸਾਜ਼ਿਸ਼ ਦੇ ਇੱਕ ਮਾਮਲੇ ਵਿੱਚ ਵੀ ਦੋਸ਼ੀ ਕਰਾਰ ਦਿੱਤਾ ਗਿਆ।

ਸੱਤ ਦਿਨਾਂ ਦੇ ਮੁਕੱਦਮੇ ਦੌਰਾਨ ਪੇਸ਼ ਕੀਤੇ ਗਏ ਸਬੂਤਾਂ ਅਨੁਸਾਰ ਮਾਰਚ 2024 ਤੋਂ ਜੂਨ 2025 ਤੱਕ ਅਰਸ਼ਪ੍ਰੀਤ ਸਿੰਘ ਅਤੇ ਉਸ ਦੇ ਸਾਥੀਆਂ ਨੇ ਅਸਲ ਸ਼ਿਪਿੰਗ ਠੇਕਿਆਂ ‘ਤੇ ਬੋਲੀ ਲਗਾਉਣ ਲਈ ਅਸਲ ਟਰੱਕਿੰਗ ਕੰਪਨੀਆਂ ਨੂੰ ਖਰੀਦਿਆ ਜਾਂ ਧੋਖੇ ਨਾਲ ਵਰਤਿਆ। ਬੋਲੀਆਂ ਜਿੱਤਣ ਤੋਂ ਬਾਅਦ ਦੋਸ਼ੀਆਂ ਅਤੇ ਹੋਰਾਂ ਨੇ ਕਾਰਗੋ ‘ਤੇ ਕਬਜ਼ਾ ਕਰ ਲਿਆ ਪਰ ਇਸ ਨੂੰ ਸਹੀ ਟਿਕਾਣੇ ‘ਤੇ ਪਹੁੰਚਾਉਣ ਦੀ ਬਜਾਏ ਚੋਰੀ ਕਰ ਲਿਆ। ਚੋਰੀ ਕੀਤਾ ਗਿਆ ਕਾਰਗੋ ਅਕਸਰ ਉੱਚ ਮੁੱਲ ਵਾਲੇ ਇਲੈਕਟ੍ਰੋਨਿਕਸ ਜਿਵੇਂ ਕਿ ਟੈਲੀਵਿਜ਼ਨ ਅਤੇ ਲੈਪਟਾਪ, ਉਪਕਰਣ ਅਤੇ ਹੋਰ ਉੱਚ-ਮੁੱਲ ਵਾਲੀਆਂ ਖਪਤਕਾਰ ਵਸਤੂਆਂ ਹੁੰਦੀਆਂ ਸਨ। ਸਾਜ਼ਿਸ਼ ਦੌਰਾਨ ਚੋਰੀ ਕੀਤੀਆਂ ਗਈਆਂ ਹੋਰ ਵਸਤੂਆਂ ਵਿੱਚ ਵੈਕਿਊਮ ਕਲੀਨਰ, ਐੱਲ.ਈ.ਡੀ. ਲਾਈਟਾਂ, ਜੁੱਤੇ ਅਤੇ ਟਾਇਰ ਸ਼ਾਮਲ ਸਨ, ਜਿਸ ਵਿੱਚ ਘੱਟੋ-ਘੱਟ 2 ਮਿਲੀਅਨ ਡਾਲਰ ਦਾ ਅਨੁਮਾਨਿਤ ਨੁਕਸਾਨ ਹੋਇਆ।

# ਗੈਰ-ਅਪਰਾਧਿਕ ਰਿਕਾਰਡ ਵਾਲਿਆਂ ਨੂੰ ਵੀ ਗ੍ਰਿਫ਼ਤਾਰ ਕਰ ਸਕਦੀ ਹੈ ਆਈਸ:ਡੀ.ਐੱਚ.ਐੱਸ.

ਵਾਸ਼ਿੰਗਟਨ- ਅਮਰੀਕਾ ਦੇ ਗ੍ਰਹਿ ਸੁਰੱਖਿਆ ਵਿਭਾਗ (ਡੀ.ਐੱਚ.ਐੱਸ.) ਨੇ ਉਨ੍ਹਾਂ ਖ਼ਬਰਾਂ ਨੂੰ ਗਲਤ ਦੱਸਿਆ ਹੈ, ਜਿਨ੍ਹਾਂ ਵਿਚ ਕਿਹਾ ਗਿਆ ਸੀ ਕਿ ਇਮੀਗ੍ਰੇਸ਼ਨ ਏਜੰਸੀ ਆਈਸ ਨੂੰ ਅਪਰਾਧਿਕ ਮਾਮਲਿਆਂ ਤੋਂ ਬਿਨਾਂ ਰਹਿ ਰਹੇ ਗੈਰ-ਦਸਤਾਵੇਜ਼ੀ ਲੋਕਾਂ ਨੂੰ ਗ੍ਰਿਫ਼ਤਾਰ ਕਰਨ ਤੋਂ ਰੋਕਿਆ ਗਿਆ ਹੈ।

ਮੀਡੀਆ ਰਿਪੋਰਟ ‘ਚ ਅਣਪਛਾਤੇ ਸਰਕਾਰੀ ਸੂਤਰਾਂ ਦੇ ਹਵਾਲੇ ਨਾਲ ਦਾਅਵਾ ਕੀਤਾ ਗਿਆ ਸੀ ਕਿ ਆਈਸ ਏਜੰਟਾਂ ਨੂੰ ਸਿਰਫ਼ ਅਪਰਾਧਿਕ ਦੋਸ਼ਾਂ ਜਾਂ ਸਜ਼ਾਵਾਂ ਵਾਲੇ ਲੋਕਾਂ ਨੂੰ ਗ੍ਰਿਫ਼ਤਾਰ ਕਰਨ ਲਈ ਕਿਹਾ ਗਿਆ ਹੈ। ਰਿਪੋਰਟ ਮੁਤਾਬਕ, ਅੰਤਿਮ ਦੇਸ਼ ਨਿਕਾਲੇ ਦੇ ਹੁਕਮ ਵਾਲੇ ਪਰ ਅਪਰਾਧਿਕ ਰਿਕਾਰਡ ਤੋਂ ਬਿਨਾਂ ਲੋਕਾਂ ਨੂੰ ਵੀ ਗ੍ਰਿਫ਼ਤਾਰ ਨਾ ਕਰਨ ਦੀ ਹਦਾਇਤ ਦਿੱਤੀ ਗਈ ਸੀ। ਇਸ ਦਾਅਵੇ ਦੀ ਸੁਤੰਤਰ ਪੁਸ਼ਟੀ ਨਹੀਂ ਹੋਈ।

ਡੀ.ਐੱਚ.ਐੱਸ. ਨੇ ਸੋਸ਼ਲ ਮੀਡੀਆ ‘ਤੇ ਜਵਾਬ ਦਿੰਦਿਆਂ ਕਿਹਾ ਕਿ ਇਹ ਗੱਲ ਗਲਤ ਹੈ ਅਤੇ ”ਕੋਈ ਵੀ ਕਾਰਵਾਈ ਦੇ ਦਾਇਰੇ ਤੋਂ ਬਾਹਰ ਨਹੀਂ।” ਵਿਭਾਗ ਨੇ ਕਿਹਾ ਕਿ ਆਈਸ ਆਪਣੇ ਰਸਤੇ ਵਿਚ ਆਉਣ ਵਾਲੇ ਗੈਰ-ਕਾਨੂੰਨੀ ਤੌਰ ‘ਤੇ ਦੇਸ਼ ਵਿਚ ਰਹਿ ਰਹੇ ਲੋਕਾਂ ਨੂੰ ਗ੍ਰਿਫ਼ਤਾਰ ਕਰਨਾ ਜਾਰੀ ਰੱਖੇਗੀ।

ਇਸ ਵਿਵਾਦ ਨਾਲ ਇਹ ਸਵਾਲ ਉੱਠਿਆ ਹੈ ਕਿ ਆਈਸ ਦੀ ਕਾਰਵਾਈ ਸਿਰਫ਼ ਗੰਭੀਰ ਅਪਰਾਧਾਂ ਦੇ ਦੋਸ਼ੀਆਂ ‘ਤੇ ਕੇਂਦਰਿਤ ਰਹੇਗੀ ਜਾਂ ਗੈਰ-ਦਸਤਾਵੇਜ਼ੀ ਹੋਣ ਦੇ ਆਧਾਰ ‘ਤੇ ਹੋਰ ਲੋਕਾਂ ਨੂੰ ਵੀ ਨਿਸ਼ਾਨਾ ਬਣਾਇਆ ਜਾਵੇਗਾ। ਕੁਝ ਰਿਪੋਰਟਾਂ ਵਿਚ ਦਾਅਵਾ ਕੀਤਾ ਗਿਆ ਕਿ ਏਜੰਟਾਂ ਨੂੰ ਕਾਰਵਾਈ ਸੀਮਤ ਕਰਨ ਦੀ ਗੱਲ ਕਹੀ ਗਈ ਸੀ, ਪਰ ਡੀ.ਐੱਚ.ਐੱਸ. ਨੇ ਕਿਸੇ ਨਵੀਂ ਪਾਬੰਦੀ ਦੀ ਪੁਸ਼ਟੀ ਨਹੀਂ ਕੀਤੀ।

ਫਿਲਹਾਲ ਵਿਭਾਗ ਦਾ ਜਨਤਕ ਬਿਆਨ ਇਹ ਹੈ ਕਿ ਗੈਰ-ਦਸਤਾਵੇਜ਼ੀ ਲੋਕਾਂ ਵਿਰੁੱਧ ਗ੍ਰਿਫ਼ਤਾਰੀ ਅਤੇ ਦੇਸ਼ ਨਿਕਾਲੇ ਦੀ ਕਾਰਵਾਈ ਜਾਰੀ ਰਹਿ ਸਕਦੀ ਹੈ। ਇਸ ਲਈ, ਜਿਨ੍ਹਾਂ ਲੋਕਾਂ ਨੂੰ ਆਪਣੀ ਇਮੀਗ੍ਰੇਸ਼ਨ ਸਥਿਤੀ ਜਾਂ ਪੁਰਾਣੇ ਕੇਸ ਬਾਰੇ ਚਿੰਤਾ ਹੈ, ਉਹ ਕਿਸੇ ਲਾਇਸੰਸਸ਼ੁਦਾ ਇਮੀਗ੍ਰੇਸ਼ਨ ਵਕੀਲ ਤੋਂ ਸਲਾਹ ਲੈਣ। ਇਹ ਖ਼ਬਰ ਕਾਨੂੰਨੀ ਸਲਾਹ ਨਹੀਂ ਹੈ।

# ਅਮਰੀਕਾ ਵੱਲੋਂ ਇਰਾਨ ਦੀ ਫੌਜੀ ਸਪਲਾਈ ਲਈ ਮੱਦਦ ਕਰਨ ਵਾਲਿਆਂ ‘ਤੇ ਨਵੀਆਂ ਪਾਬੰਦੀਆਂ

ਵਾਸ਼ਿੰਗਟਨ, - ਅਮਰੀਕਾ ਨੇ ਅਜਿਹੇ ਵਿਅਕਤੀਆਂ ਅਤੇ ਕੰਪਨੀਆਂ ਖ਼ਿਲਾਫ਼ ਕਾਰਵਾਈ ਕੀਤੀ, ਜਿਨ੍ਹਾਂ ‘ਤੇ ਇਰਾਨ ਦੀ ਫੌਜੀ ਸਪਲਾਈ ਚੇਨ ਲਈ ਵਿੱਤੀ ਸਹਾਇਤਾ ਦੇਣ ਦੇ ਦੋਸ਼ ਲਾਏ ਗਏ ਹਨ। ਟਰੰਪ ਪ੍ਰਸ਼ਾਸਨ ਵੱਲੋਂ ਇਰਾਨ ਖ਼ਿਲਾਫ਼ ਆਰਥਿਕ ਦਬਾਅ ਦੀ ਮੁਹਿੰਮ ਅੱਗੇ ਵਧਾਈ ਜਾ ਰਹੀ ਹੈ ਤੇ ਦੋਵਾਂ ਦੇਸ਼ਾਂ ਵਿਚਾਲੇ ਮੁੜ ਸ਼ੁਰੂ ਹੋਈ ਕੂਟਨੀਤਕ ਗੱਲਬਾਤ ਦੇ ਜਾਰੀ ਰਹਿਣ ਬਾਰੇ ਸਪੱਸ਼ਟਤਾ ਨਹੀਂ ਹੈ।

ਅਮਰੀਕੀ ਖ਼ਜ਼ਾਨਾ ਵਿਭਾਗ ਦੀ ਹਾਲੀਆ ਕਾਰਵਾਈ ਪ੍ਰਸ਼ਾਸਨ ਦੀ ‘ਅਪਰੇਸ਼ਨ ਇਕਨਾਮਿਕ ਆਊਟਕਾਸਟ’ ਮੁਹਿੰਮ ਦਾ ਹਿੱਸਾ ਹੈ। ਇਸ ਮੁਹਿੰਮ ਦਾ ਉਦੇਸ਼ ਪਹਿਲਾਂ ਹੀ ਵੱਡੀਆਂ ਅੰਤਰਰਾਸ਼ਟਰੀ ਪਾਬੰਦੀਆਂ ਦਾ ਸਾਹਮਣਾ ਕਰ ਰਹੀ ਇਰਾਨੀ ਸਰਕਾਰ ਲਈ ‘ਮਹੱਤਵਪੂਰਨ ਵਿੱਤੀ ਸਹਾਰਿਆਂ’ ਨੂੰ ਖ਼ਤਮ ਕਰਨਾ ਹੈ।

ਖ਼ਜ਼ਾਨਾ ਮੰਤਰੀ ਸਕਾਟ ਬੈਸੈਂਟ ਨੇ ਕਿਹਾ, ”ਖ਼ਜ਼ਾਨਾ ਵਿਭਾਗ ਅਜਿਹੇ ਸ਼ਾਸਨ ਨੂੰ ਕਿਸੇ ਵੀ ਤਰ੍ਹਾਂ ਦੀ ਸਹਾਇਤਾ ਬਰਦਾਸ਼ਤ ਨਹੀਂ ਕਰੇਗਾ ਅਤੇ ਇਰਾਨ ਨੂੰ ਸਹੂਲਤ ਦੇਣ ਵਾਲਿਆਂ ਦੀ ਪਛਾਣ, ਉਨ੍ਹਾਂ ਦਾ ਪਰਦਾਫਾਸ਼ ਅਤੇ ਉਨ੍ਹਾਂ ਨੂੰ ਅਲੱਗ-ਥਲੱਗ ਕਰਨਾ ਜਾਰੀ ਰੱਖੇਗਾ।”

ਇਰਾਨ, ਹਾਂਗਕਾਂਗ ਅਤੇ ਪਾਕਿਸਤਾਨ ਵਿਚ ਸਥਿਤ 10 ਵਿਅਕਤੀਆਂ ਅਤੇ ਸੰਸਥਾਵਾਂ ‘ਤੇ ਪਾਬੰਦੀਆਂ ਲਾਈਆਂ ਗਈਆਂ ਹਨ। ਅਮਰੀਕਾ ਨੇ ਉਨ੍ਹਾਂ ‘ਤੇ ਇਰਾਨ ਦੇ ਰੱਖਿਆ ਮੰਤਰਾਲੇ ਲਈ ਹਥਿਆਰ ਅਤੇ ਹਥਿਆਰਾਂ ਦੇ ਪੁਰਜ਼ੇ ਹਾਸਲ ਕਰਨ ਵਿਚ ਮਦਦ ਕਰਨ ਦੇ ਦੋਸ਼ ਲਾਏ ਹਨ। ਇਹ ਕਾਰਵਾਈ ਅਜਿਹੇ ਸਮੇਂ ਹੋਈ ਹੈ, ਜਦੋਂ ਇਰਾਨ ਅਤੇ ਅਮਰੀਕਾ ਵਿਚਾਲੇ ਜੰਗ ਨੂੰ ਸੱਤ ਮਹੀਨੇ ਹੋ ਚੁੱਕੇ ਹਨ।

ਅਮਰੀਕੀ ਅਧਿਕਾਰੀਆਂ ਦਾ ਕਹਿਣਾ ਹੈ ਕਿ ਤਾਜ਼ਾ ਪਾਬੰਦੀਆਂ ਦਾ ਉਦੇਸ਼ ਇਰਾਨ ਦੀਆਂ ਫੌਜੀ ਖਰੀਦ ਕੋਸ਼ਿਸ਼ਾਂ ਵਿਚ ਮਦਦ ਕਰਨ ਵਾਲੇ ਲੋਕਾਂ ਅਤੇ ਕੰਪਨੀਆਂ ਦੀ ਲਾਗਤ ਵਧਾਉਣਾ ਵੀ ਹੈ।

ਅਮਰੀਕਾ ਨੇ 2024 ਵਿਚ ਵੀ ਇਰਾਨ ਦੇ ਰੱਖਿਆ ਮੰਤਰਾਲੇ ਅਤੇ ਹਥਿਆਰਬੰਦ ਬਲਾਂ ਦੀ ਲੌਜਿਸਟਿਕਸ ਨਾਲ ਜੁੜੀਆਂ ਉਨ੍ਹਾਂ ਸੰਸਥਾਵਾਂ ਨੂੰ ਨਿਸ਼ਾਨਾ ਬਣਾਇਆ ਸੀ, ਜਿਨ੍ਹਾਂ ‘ਤੇ ਮਿਜ਼ਾਈਲਾਂ ਅਤੇ ਡਰੋਨ ਬਣਾਉਣ ਅਤੇ ਉਨ੍ਹਾਂ ਦੇ ਪ੍ਰਸਾਰ ਵਿਚ ਸਹਾਇਤਾ ਕਰਨ ਦੇ ਦੋਸ਼ ਸਨ।


ਆਪਣੇ ਵਪਾਰ ਦੇ ਵਾਧੇ ਲਈ ਇਸ਼ਤਿਹਾਰ ਪਾਉਣ ਲਈ ਫੋਨ ਕਰੋ 604-590-5200

KAMCRAFT
Kitchen cabinets ltd.



*Quality Work
*Reasonable Rate
Free Estimates
Residential and Commercial
Kitchen
Bathroom Remodeling
Custom Mill Work
Vaities & Counter Tops
Charnjit ( Mintu )
604-835-2744
Prabh(Director)
604-507-8450
Email: kamcraft2003@gmail.com
#5- 13415 - 76th Ave., Surrey , BC
www.kamcraftkitchen.com

LOVELY SWEET SHOP & RESTAURANT and BANQUET HALL
Dine In Take Out
Breakfast Special Combo
10 am to 3pm
Prantha Plate
Choose 2 pranthas from Aloo/Gobhi or Mooli
With curd, butter and pickle
ਸਪੈਸ਼ਲ:ਚਾਟ ਪਾਪੜੀ,ਭੱਲੇ, ਚਨਾ ਕੁਲਚਾ
ਮੱਕੀ ਦੀ ਰੋਟੀ ਸਰ੍ਹੋਂ ਦਾ ਸਾਗ





| ਫਰੈਸ਼ ਤੰਦੂਰ ਤੋਂ | ਤੰਦੂਰ ਤੋਂ ਸਪੈਸ਼ਲ |
|---|---|
| Nan | ਤੰਦੂਰੀ ਚਿਕਨ |
| Parantha | ਚਿਕਨ ਟਿੱਕਾ |
| Onion Nan | ਫਿਸ਼ ਤੰਦੂਰੀ |
| Garlic Nan | ਪਨੀਰ ਟਿੱਕਾ |
| Lacha Parantha | ਸੀਖ ਕਬਾਬ |
| Special Nan | |

| ਫਰੈਸ਼ ਵੈਜੀ ਡਿਸ਼ਾਂ | ਖਾਣੇ ਵਿਚ ਸਪੈਸ਼ਲ |
|---|---|
| ਸ਼ਾਹੀ ਪਨੀਰ | Butter Chicken |
| ਚਿਲੀ ਪਨੀਰ | Goat Curry |
| ਕੜਾਹੀ ਪਨੀਰ | Lamb Curry |
| ਦਾਲ ਮਖਣੀ | Chicken Curry |
| ਭਿੰਡੀ ਮਸਾਲਾ | Chicken Kadahi |
| ਮਿਕਸ ਵੈਜੀ | Chilli Chicken |

ਚਰਨਜੀਤ ਸਿੰਘ ਢਿਲੋਂ
604-591-6660
604-591-6888
ਵੈਜੀ ਅਤੇ ਨਾਨ ਵੈਜੀ ਦਾ ਪੂਰਾ ਖਿਆਲ ਰੱਖਦੇ ਹਾਂ
50 Person to 200 Person Party Hall
ਗੁਰਦੁਆਰਾ, ਮੰਦਰ, ਪਾਰਕ ਜਾਂ ਘਰ ਜਾ ਕੇ ਪੂਰੇ ਬੀ.ਸੀ ਵਿਚ ਤੰਦੂਰ ਲਾ ਕੇ ਜਿੰਨੇ ਮਰਜੀ ਬੰਦਿਆਂ ਲਈ ਤਾਜਾ ਖਾਣਾ ਬਣਾਉਂਦੇ ਹਾਂ
ਕੇਟਰਿੰਗ ਸਪੈਸ਼ਲ
7168-128th St Surrey
Open Everyday 10am - 10pm

# ਅਮਰੀਕਾ 'ਚ ਟੋਨੀ ਸੰਧੂ ਨੇ ਮੁੜ ਗੱਡੇ ਜਿੱਤ ਦੇ ਝੰਡੇ

## ਓਲੰਪੀਆ 'ਚ ਦੂਜੀ ਵਾਰ ਜਿੱਤਿਆ ਗੋਲਡ ਮੈਡਲ

### ਪਾਵਰਲਿਫਟਿੰਗ 'ਚ ਸ਼ਾਨਦਾਰ ਪ੍ਰਦਰਸ਼ਨ ਕਰਕੇ ਪੰਜਾਬ ਅਤੇ ਪੰਜਾਬੀ ਭਾਈਚਾਰੇ ਦਾ ਨਾਂ ਕੀਤਾ ਰੌਸ਼ਨ




ਲਾਸ ਵੇਗਸ:-(ਮਾਛੀਕੇ/ ਧਾਲੀਆਂ/)— ਪਾਵਰਲਿਫਟਿੰਗ ਦੇ ਖੇਤਰ ਵਿਚ ਆਪਣੀ ਤਾਕਤ ਅਤੇ ਕਾਬਲੀਅਤ ਦਾ ਲੋਹਾ ਮਨਵਾ ਰਹੇ ਪੰਜਾਬੀ ਗੱਭਰੂ ਟੋਨੀ ਸੰਧੂ ਨੇ ਇੱਕ ਵਾਰ ਫਿਰ ਵੱਡੀ ਮੱਲ ਮਾਰਦਿਆਂ ਲਾਸ ਵੇਗਸ ਵਿਖੇ ਹੋਈ ਓਲੰਪੀਆ ਚੈਂਪੀਅਨਸ਼ਿਪ ਵਿਚ ਗੋਲਡ ਮੈਡਲ ਆਪਣੇ ਨਾਂ ਕੀਤਾ ਹੈ। ਟੋਨੀ ਸੰਧੂ ਵੱਲੋਂ ਇਸ ਵੱਕਾਰੀ ਮੁਕਾਬਲੇ ਵਿਚ ਦੂਜੀ ਵਾਰ ਸੋਨ ਤਮਗਾ ਜਿੱਤਣ ਨਾਲ ਪੰਜਾਬੀ ਭਾਈਚਾਰੇ ਵਿਚ ਖੁਸ਼ੀ ਦੀ ਲਹਿਰ ਹੈ। ਇਸ ਤੋਂ ਪਹਿਲਾਂ ਯੂ.ਐੱਸ.ਪੀ.ਏ. ਚੈਂਪੀਅਨਸ਼ਿਪ ਵਿਚ ਵੀ ਟੋਨੀ ਸੰਧੂ ਗੋਲਡ ਮੈਡਲ ਆਪਣੇ ਨਾਮ ਕਰ ਚੁੱਕਾ ਹੈ।

ਵਰਲਡ ਸਟਰੌਂਗਮੈਨ ਇੰਡੀਆ ਦੇ ਪ੍ਰਧਾਨ ਹਰਵਿੰਦਰ ਸਲੀਣਾ ਨੇ ਇਸ ਸਬੰਧੀ ਜਾਣਕਾਰੀ ਦਿੰਦਿਆਂ ਦੱਸਿਆ ਕਿ ਚੈਂਪੀਅਨਸ਼ਿਪ ਵਿਚ ਦੁਨੀਆਂ ਦੇ ਵੱਖ-ਵੱਖ ਦੇਸ਼ਾਂ ਤੋਂ ਆਏ ਖਿਡਾਰੀਆਂ ਨੇ ਹਿੱਸਾ ਲੈ ਕੇ ਆਪਣੀ ਤਾਕਤ ਅਤੇ ਹੁਨਰ ਦਾ ਪ੍ਰਦਰਸ਼ਨ ਕੀਤਾ। ਸਖ਼ਤ ਮੁਕਾਬਲੇ ਦੌਰਾਨ ਟੋਨੀ ਸੰਧੂ ਨੇ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ ਗੋਲਡ ਮੈਡਲ 'ਤੇ ਕਬਜ਼ਾ ਕੀਤਾ ਅਤੇ ਇੱਕ ਵਾਰ ਫਿਰ ਪੰਜਾਬ ਅਤੇ ਭਾਰਤ ਦਾ ਨਾਂ ਰੌਸ਼ਨ ਕੀਤਾ।

ਟੋਨੀ ਸੰਧੂ ਦੀ ਇਹ ਕਾਮਯਾਬੀ ਉਸ ਦੀ ਲੰਮੇ ਸਮੇਂ ਦੀ ਸਖ਼ਤ ਮਿਹਨਤ, ਅਨੁਸ਼ਾਸਨ ਅਤੇ ਆਪਣੇ ਟੀਚੇ ਪ੍ਰਤੀ ਦ੍ਰਿੜ੍ਹ ਲਗਨ ਦਾ ਨਤੀਜਾ ਹੈ। ਵਿਦੇਸ਼ੀ ਧਰਤੀ 'ਤੇ ਪਾਵਰਲਿਫਟਿੰਗ ਵਰਗੀ ਤਾਕਤਵਰ ਖੇਡ ਵਿਚ ਵਾਰ-ਵਾਰ ਮਾਣਮੱਤੀਆਂ ਪ੍ਰਾਪਤੀਆਂ ਹਾਸਲ ਕਰਕੇ ਉਹ ਨਵੀਂ ਪੀੜ੍ਹੀ ਦੇ ਖਿਡਾਰੀਆਂ ਲਈ ਵੀ ਪ੍ਰੇਰਨਾ ਬਣ ਰਿਹਾ ਹੈ।

ਟੋਨੀ ਸੰਧੂ ਦੀ ਇਸ ਮਾਣਮੱਤੀ ਜਿੱਤ 'ਤੇ ਉਸ ਦੇ ਪਰਿਵਾਰ, ਦੋਸਤਾਂ, ਖੇਡ ਪ੍ਰੇਮੀਆਂ ਅਤੇ ਪੰਜਾਬੀ ਭਾਈਚਾਰੇ ਵੱਲੋਂ ਖੁਸ਼ੀ ਦਾ ਪ੍ਰਗਟਾਵਾ ਕਰਦਿਆਂ ਉਸ ਨੂੰ ਮੁਬਾਰਕਾਂ ਦਿੱਤੀਆਂ ਗਈਆਂ ਹਨ। ਨਾਲ ਹੀ ਉਸ ਦੇ ਸੁਨਹਿਰੇ ਖੇਡ ਭਵਿੱਖ ਅਤੇ ਆਉਣ ਵਾਲੇ ਮੁਕਾਬਲਿਆਂ ਵਿਚ ਹੋਰ ਵੱਡੀਆਂ ਪ੍ਰਾਪਤੀਆਂ ਲਈ ਸ਼ੁਭਕਾਮਨਾਵਾਂ ਦਿੱਤੀਆਂ ਗਈਆਂ ਹਨ।

# ਦੋ ਘਾਤਕ ਟੀਕਿਆਂ ਮਗਰੋਂ ਵੀ ਨਹੀਂ ਹੋਈ ਮੌਤ, ਅਮਰੀਕਾ 'ਚ ਫਾਂਸੀ ਦੀ ਕੋਸ਼ਿਸ਼ ਨਾਕਾਮ



ਨੈਸ਼ਵਿਲ: ਅਮਰੀਕਾ ਦੇ ਟੈਨੇਸੀ ਰਾਜ ਵਿੱਚ ਮੌਤ ਦੀ ਸਜ਼ਾ ਪਾ ਚੁੱਕੀ ਕ੍ਰਿਸਟਾ ਗੇਲ ਪਾਈਕ ਨੂੰ ਬੁੱਧਵਾਰ ਨੂੰ ਘਾਤਕ ਟੀਕੇ ਰਾਹੀਂ ਫਾਂਸੀ ਦੇਣ ਦੀ ਕੋਸ਼ਿਸ਼ ਕੀਤੀ ਗਈ, ਪਰ ਦੋ ਵਾਰ ਦਵਾਈ ਦਿੱਤੇ ਜਾਣ ਦੇ ਬਾਵਜੂਦ ਉਸ ਦੀ ਮੌਤ ਨਹੀਂ ਹੋਈ। ਗਵਾਹਾਂ ਮੁਤਾਬਕ ਟੀਕੇ ਲੱਗਣ ਤੋਂ ਬਾਅਦ ਵੀ ਉਸ ਦੇ ਜਿਊਂਦੇ ਹੋਣ ਦੇ ਸੰਕੇਤ ਮਿਲਦੇ ਰਹੇ ਅਤੇ ਉਸ ਨੂੰ ਬਾਅਦ ਵਿੱਚ ਡਾਕਟਰੀ ਸਹਾਇਤਾ ਲਈ ਹਸਪਤਾਲ ਲਿਜਾਇਆ ਗਿਆ।

ਪਾਈਕ ਨੂੰ 1995 ਵਿੱਚ 19 ਸਾਲਾ ਕੋਲੀਨ ਸਲੇਮਰ ਦੇ ਕਤਲ ਦੇ ਮਾਮਲੇ ਵਿੱਚ ਦੋਸ਼ੀ ਠਹਿਰਾਇਆ ਗਿਆ ਸੀ। ਅਪਰਾਧ ਦੇ ਸਮੇਂ ਉਹ 18 ਸਾਲ ਦੀ ਸੀ। ਅਦਾਲਤੀ ਰਿਕਾਰਡਾਂ ਅਨੁਸਾਰ ਉਸ ਨੇ ਆਪਣੇ ਤਤਕਾਲੀ ਪ੍ਰੇਮੀ ਤਾਦਾਰਿਲ ਸ਼ਿਪ ਅਤੇ ਇੱਕ ਹੋਰ ਸਾਥੀ ਨਾਲ ਮਿਲ ਕੇ ਸਲੇਮਰ ਨੂੰ ਟੈਨੇਸੀ ਯੂਨੀਵਰਸਿਟੀ ਨੇੜੇ ਇੱਕ ਜੰਗਲੀ ਇਲਾਕੇ ਵਿੱਚ ਬੁਲਾਇਆ ਸੀ, ਜਿੱਥੇ ਉਸ ਨਾਲ ਕੁੱਟਮਾਰ ਕੀਤੀ ਗਈ ਅਤੇ ਤਿੱਖੀ ਚੀਜ਼ ਨਾਲ ਹਮਲਾ ਕੀਤਾ ਗਿਆ।

ਪਾਈਕ ਨੂੰ 1996 ਵਿੱਚ ਮੌਤ ਦੀ ਸਜ਼ਾ ਸੁਣਾਈ ਗਈ ਸੀ। ਉਹ ਟੈਨੇਸੀ ਦੀ ਮੌਤ ਦੀ ਸਜ਼ਾ ਵਾਲੀ ਕੈਦੀਆਂ ਵਿੱਚ ਇਕੱਲੀ ਔਰਤ ਸੀ ਅਤੇ ਉਸ ਦੀ ਫਾਂਸੀ ਰਾਜ ਵਿੱਚ ਦੋ ਸਦੀਆਂ ਤੋਂ ਵੱਧ ਸਮੇਂ ਬਾਅਦ ਕਿਸੇ ਔਰਤ ਨੂੰ ਫਾਂਸੀ ਦੇਣ ਦੀ ਪਹਿਲੀ ਘਟਨਾ ਹੋਣੀ ਸੀ।

ਫਾਂਸੀ ਦੀ ਕੋਸ਼ਿਸ਼ ਦੌਰਾਨ ਪਾਈਕ ਨੂੰ ਦੋ ਵਾਰ ਪੈਂਟੋਬਾਰਬਿਟਲ ਦੀ ਖੁਰਾਕ ਦਿੱਤੀ ਗਈ। ਮੀਡੀਆ ਗਵਾਹਾਂ ਨੇ ਦੱਸਿਆ ਕਿ ਦੂਜੀ ਖੁਰਾਕ ਤੋਂ ਬਾਅਦ ਵੀ ਉਸ ਦੇ ਸਾਹ ਲੈਣ ਅਤੇ ਘਰਾੜੇ ਲੈਣ ਦੀ ਆਵਾਜ਼ ਸੁਣਾਈ ਦਿੰਦੀ ਰਹੀ। ਇਸ ਤੋਂ ਬਾਅਦ ਉਸ ਨੂੰ ਜੇਲ੍ਹ ਤੋਂ ਐਂਬੂਲੈਂਸ ਰਾਹੀਂ ਇੱਕ ਬਾਹਰੀ ਡਾਕਟਰੀ ਕੇਂਦਰ ਲਿਜਾਇਆ ਗਿਆ।

# ਮੱਧਕਾਲੀ ਚੋਣਾਂ ਤੋਂ ਪਹਿਲਾਂ ਟਰੰਪ ਦਾ ਇੰਮੀਗ੍ਰੇਸ਼ਨ ਬਾਰੇ ਤਾਜ਼ਾ ਸੰਦੇਸ਼

ਵਾਸ਼ਿੰਗਟਨ ਡੀ.ਸੀ.,- ਰਾਸ਼ਟਰਪਤੀ ਡੋਨਲਡ ਟਰੰਪ ਨੇ ਆਪਣੀਆਂ ਤਾਜ਼ਾ ਚੋਣ ਰੈਲੀਆਂ ਵਿਚ ਇਮੀਗ੍ਰੇਸ਼ਨ ਨੂੰ 3 ਨਵੰਬਰ ਦੀਆਂ ਮੱਧਕਾਲੀ ਚੋਣਾਂ ਦਾ ਵੱਡਾ ਮੁੱਦਾ ਬਣਾਇਆ ਹੈ। ਉੱਤਰੀ ਕੈਰੋਲੀਨਾ ਦੀ ਰੈਲੀ ਦੌਰਾਨ ਉਨ੍ਹਾਂ ਦਾਅਵਾ ਕੀਤਾ ਕਿ ਉਨ੍ਹਾਂ ਦੇ ਪ੍ਰਸ਼ਾਸਨ ਨੇ ਅਮਰੀਕੀ ਸਰਹੱਦ ਨੂੰ ਪਹਿਲਾਂ ਨਾਲੋਂ ਵੱਧ ਸੁਰੱਖਿਅਤ ਬਣਾਇਆ ਹੈ। ਉਨ੍ਹਾਂ ਵੋਟਰਾਂ ਨੂੰ ਕਿਹਾ ਕਿ ਜੇ ਰਿਪਬਲਿਕਨ ਕਾਂਗਰਸ ਵਿਚ ਬਹੁਮਤ ਗੁਆ ਬੈਠੇ ਤਾਂ ਸਰਹੱਦੀ ਸੁਰੱਖਿਆ ਅਤੇ ਹੋਰ ਸਰਕਾਰੀ ਨੀਤੀਆਂ ਨੂੰ ਨੁਕਸਾਨ ਪਹੁੰਚ ਸਕਦਾ ਹੈ। ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਕਿ ਚੋਣ ਵਿਚ ਇਸ ਤਰ੍ਹਾਂ ਵੋਟ ਪਾਉਣ ਜਿਵੇਂ ਉਹ ਖ਼ੁਦ ਉਮੀਦਵਾਰ ਹੋਣ।

ਇਸ ਤੋਂ ਪਹਿਲਾਂ 9 ਸਤੰਬਰ ਨੂੰ ਡੈਲਸ ਵਿਚ ਰਿਪਬਲਿਕਨ ਮੱਧਕਾਲੀ ਸੰਮੇਲਨ ਦੌਰਾਨ ਟਰੰਪ ਨੇ ਕਿਹਾ ਸੀ ਕਿ ਰਿਪਬਲਿਕਨਾਂ ਨੂੰ ਜਿਤਾ ਕੇ ਉਨ੍ਹਾਂ ਨੂੰ ਸ਼ੁਰੂ ਕੀਤਾ ਕੰਮ ਪੂਰਾ ਕਰਨ ਦਾ ਮੌਕਾ ਦਿੱਤਾ ਜਾਵੇ। ਉਨ੍ਹਾਂ ਸਰਹੱਦੀ ਕੰਧ, ਗੈਰਕਾਨੂੰਨੀ ਦਾਖ਼ਲਾ ਰੋਕਣ ਅਤੇ ਇਮੀਗ੍ਰੇਸ਼ਨ ਕਾਨੂੰਨ ਸਖ਼ਤੀ ਨਾਲ ਲਾਗੂ ਕਰਨ ਨੂੰ ਆਪਣੀਆਂ ਵੱਡੀਆਂ ਪ੍ਰਾਪਤੀਆਂ ਦੱਸਿਆ। "ਜੇ ਅਸੀਂ ਹਾਰੇ ਤਾਂ ਤੁਸੀਂ ਆਪਣੀ ਸਰਹੱਦ ਗੁਆ ਬੈਠੋਗੇ" ਵਾਲਾ ਉਨ੍ਹਾਂ ਦਾ ਬਿਆਨ ਇੱਕ ਚੋਣ ਦਾਅਵਾ ਹੈ; ਕਾਂਗਰਸ ਬਦਲਣ ਨਾਲ ਸਰਹੱਦ ਆਪਣੇ ਆਪ ਨਹੀਂ ਖੁੱਲ੍ਹਦੀ। ਹਾਲਾਂਕਿ ਨਵੀਂ ਕਾਂਗਰਸ ਫੰਡ, ਕਾਨੂੰਨ ਅਤੇ ਸਰਕਾਰੀ ਨਿਗਰਾਨੀ ਰਾਹੀਂ ਨੀਤੀਆਂ ਦੀ ਰਫ਼ਤਾਰ ਨੂੰ ਪ੍ਰਭਾਵਿਤ ਕਰ ਸਕਦੀ ਹੈ।

ਟਰੰਪ ਨੇ ਚੋਣਾਂ ਤੋਂ ਬਾਅਦ ਲਈ ਕੋਈ ਵੱਖਰਾ ਨਵਾਂ ਇਮੀਗ੍ਰੇਸ਼ਨ ਪੈਕੇਜ ਐਲਾਨਿਆ ਨਹੀਂ। ਉਨ੍ਹਾਂ ਦੇ ਬਿਆਨਾਂ ਅਤੇ ਸਰਕਾਰ ਦੀਆਂ ਮੌਜੂਦਾ ਕਾਰਵਾਈਆਂ ਤੋਂ ਸੰਕੇਤ ਮਿਲਦਾ ਹੈ ਕਿ ਰਿਪਬਲਿਕਨ ਬਹੁਮਤ ਕਾਇਮ ਰਹਿਣ 'ਤੇ ਆਈਸ ਗ੍ਰਿਫ਼ਤਾਰੀਆਂ, ਦੇਸ਼ ਨਿਕਾਲੇ, ਹਿਰਾਸਤੀ ਸਮਰੱਥਾ, ਸਰਹੱਦੀ ਕੰਧ, ਸਥਾਨਕ ਪੁਲਿਸ ਨਾਲ ਸਹਿਯੋਗ, ਸ਼ਰਨ ਮਾਮਲਿਆਂ ਦੀ ਤੇਜ਼ ਸੁਣਵਾਈ ਅਤੇ ਆਪਣੇ ਦੇਸ਼ ਵੱਲੋਂ ਵਾਪਸ ਨਾ ਲਏ ਜਾਣ ਵਾਲੇ ਲੋਕਾਂ ਨੂੰ ਤੀਜੇ ਦੇਸ਼ ਭੇਜਣ ਦੀ ਨੀਤੀ ਜਾਰੀ ਰਹੇਗੀ। ਪ੍ਰਸ਼ਾਸਨ ਨੇ ਤੀਜੇ ਦੇਸ਼ ਵਿਚ ਦੇਸ਼ ਨਿਕਾਲੇ ਜਾਰੀ ਰੱਖਣ ਲਈ ਸੁਪਰੀਮ ਕੋਰਟ ਦਾ ਦਰਵਾਜ਼ਾ ਵੀ ਖੜਕਾਇਆ ਹੈ।

ਟਰੰਪ ਦੇ ਸੰਦੇਸ਼ ਤੋਂ ਸਾਫ਼ ਹੈ ਕਿ ਰਿਪਬਲਿਕਨ ਜਿੱਤ ਨੂੰ ਉਹ ਆਪਣੀ ਸਖ਼ਤ ਇਮੀਗ੍ਰੇਸ਼ਨ ਨੀਤੀ ਜਾਰੀ ਰੱਖਣ ਲਈ ਜ਼ਰੂਰੀ ਮੰਨਦੇ ਹਨ।







# ਕਾਰਲ ਮਾਰਕਸ ਬਨਾਮ ਮਾਰਕਸਵਾਦ

ਸਾਨੂੰ ਕਾਰਲ ਜਾਂ ਮਾਰਕਸਵਾਦ ਤੋਂ ਕੁਝ ਲੈਣਾ ਦੇਣਾ ਨਹੀ ਪਰ ਸ਼ਰਾਰਤ ਤਹਿਤ ਕਾਮਰੇਡ ਜਦ ਗੁਰਮਤਿ ਫਲਸਫੇ ਨੂੰ ਧਕੇ ਨਾਲ ਤਰਕਵਾਦ ਨਾਲ ਜੋੜ ਕੇ ਗੁਰੂ ਨਾਨਕ ਸਹਿਬ ਨੂੰ ਮਾਰਕਸਵਾਦ ਦੀ ਤਰਜ ਤੇ ਨਾਨਕਵਾਦ ਕਹਿਕੇ ਪਰਚਾਰਨ ਦਾ ਯਤਨ ਕਰਨਗੇ ਤਾਂ ਸਾਡੇ ਲਈ ਕਾਰਲ ਮਾਰਕਸ ਬਾਰੇ ਜਾਨਣਾ ਜਰੂਰੀ ਹੋ ਜਾਂਦਾ ਤਾਂ ਕੀ ਮੇਰੀਆਂ ਅਗਲੀਆਂ ਨਸਲਾਂ ਗੁਮਰਾਹ ਹੋਣੋ ਬਚ ਜਾਣ।

'ਧਰਮ ਡਰੇ ਹੋਏ ਮਨੁੱਖ ਦਾ ਹਓਕਾ ਹੈ ਅਤੇ ਕਮਜੋਰ ਲੋਕਾਂ ਵਾਸਤੇ ਅਫੀਮ ਐ'। ਮਾਰਕਸ।

ਕਾਰਲ ਅਤੇ ਗੁਰੂ ਨਾਨਕ ਸਾਹਿਬ ਨੂੰ ਜਿਹੜਾ ਬੰਦਾ ਰਲਗੱਡ ਕਰਦਾ ਜਾਂ ਓਹ ਮੂਰਖ ਜਾਂ ਬੇਈਮਾਨ। ਕਿਓਕਿ ਦੋਨਾ ਧਰਾਵਾਂ ਦਾ ਆਪਸ ਵਿਚੀਂ ਮੇਲ ਹੀ ਕੋਈ ਨਾ।

ਮਾਰਕਸ ਨੇ ਕੇਵਲ ਥਿਊਰੀ ਦਿਤੀ ਗੁਰੂ ਨਾਨਕ ਸਾਹਿਬ ਨੇ ਥਿਊਰੀ ਨਾਲ ਪ੍ਰੈਕਟੀਕਲ ਵੀ।

ਕਾਰਲ ਕੇਵਲ ਦਸਦਾ ਅਮੀਰ ਗਰੀਬ ਇਕ ਹੋਣਾ ਚਾਹੀਦਾ ਪਰ ਇਹ ਨਹੀ ਦਸ ਸਕਿਆ ਕਿਵੇਂ।

ਗੁਰਾਂ ਜਦ ਮਨੁਖ ਨੂੰ ਸਚਿਆਰਾ ਹੋਣ ਦੀ ਗਲ ਕੀਤੀ ਤਾਂ ਇਹ ਵੀ ਦਸਿਆ ਕਿਵੇਂ।

ਗੁਰਾਂ ਦੀ ਥਿਊਰੀ ਯਾਣੀ ਫਲਸਫਾ ਪ੍ਰੈਕਟੀਕਲ ਦੀ ਭੱਠੀ ਵਿਚਦੀ ਲੰਘ ਕੇ ਆਇਆ ਸ਼ੁਧ ਸੋਨਾ ਜਦ ਕਿ ਮਾਰਕਸ ਦਾ ਫਲਸਫਾ ਮੁੱਲਾਂ ਅਤੇ ਮਸਾਲਚੀ ਤਰਾਂ ਲੋਕਾਂ ਲਈ ਸੀ ਖੁਦ ਲਈ ਨਹੀ ਯਾਣੀ ਕਾਰਲ ਦੀ ਜਿੰਦਗੀ ਵਿਚਲੇ ਤਥ ਇਸ ਗਲ ਦੀ ਪੁਸ਼ਟੀ ਕਰਦੇ ਕੀ ਜਿਹੜਾ ਬਾਕੀਆਂ ਨੂੰ ਤਾਂ ਚਾਨਣ ਵੰਡਦਾ ਪਰ ਖੁਦ ਹਨੇਰੇ ਵਿਚ ਜਦ ਕਿ ਗੁਰੂ ਨਾਨਕ ਸਾਹਿਬ ਦੇ ਫਲਸਫੇ ਦੀ ਬੁਨਿਆਦ ਇਹ ਹੈ ਕਿ ਜਿਹੜੀ ਗਲ ਤੂੰ ਲੋਕਾਂ ਨੂੰ ਕਹਿਣ ਜਾ ਰਿਹਾਂ ਉਸ ਤੋਂ ਪਹਿਲਾਂ ਤੇਰੇ ਖੁਦ ਉਪਰ ਅਪਲਾਈ ਹੁੰਦੀ ਕਿ ਨਹੀ ਯਾਣੀ ਕਹਿਣੀ ਅਤੇ ਕਰਣੀ।

ਗੁਰੂ ਨਾਨਕ ਸਾਹਿਬ ਨੂੰ ਨਾਨਕਵਾਦ ਜਾਂ ਮਾਰਕਸਵਾਦ ਕਹਿਕੇ ਰਲਗੱਡ ਕਰਨ ਲਗੇ ਅਸੀਂ ਈਸਟ ਵੈਸਟ ਦਾ ਫਰਕ ਭੁਲ ਜਾਂਦੇ ਹਾਂ।

ਗੁਰਾਂ ਦਾ ਫਲਸਫਾ ਗਲ ਹੀ ਖੁਦ ਤੋਂ ਸ਼ੁਰੂ ਕਰਦਾ ਕੀ ਪਹਿਲਾਂ ਅਪਣਾ ਮਨ ਪ੍ਰਬੋਧ ਦੂਜਿਆਂ ਨੂੰ ਗਲ ਫਿਰ ਕਰੀਂ ਜਦ ਕਿ ਮਾਰਕਸਵਾਦ ਵਿਚੋਂ ਇਹ ਗਲ ਸਪੱਸ਼ਟ ਹੁੰਦੀ ਕਿ ਲੋਕਾਂ ਨੂੰ ਸਮਝਾਓਣ ਲਈ ਖੁਦ ਨੂੰ ਆਓਗੁਣ ਛਡਣ ਦੀ ਲੋੜ ਨਹੀ ਯਾਣੀ ਜੋ ਮਰਜੀ ਰਾਸ ਲੀਲ੍ਹਾ ਰਚਾਓ ਬੰਦਸ਼ ਕੋਈ ਨਾ ਅਤੇ ਇਹ ਗਲ ਕਾਰਲ ਮਾਰਕਸ ਦੇ ਜੀਵਨ ਵਿਚੋਂ ਵੀ ਪੰਜਾਬ ਦੇ ਕਾਮਰੇਡਾਂ ਵਿਚੋਂ ਵੀ ਤੁਹਾਨੂੰ ਆਮ ਲਭ ਜਾਂਦੀ ਹੈ ਜਿਹੜਾ ਗਲ ਮਨੁਖਤਾ ਦੀ ਕਰਦਾ ਪਰ ਘਰ ਵਿਚਲੇ ਮਨੁਖ ਉਸ ਨੂੰ ਨਹੀ ਦਿਸਦੇ। ਕੁਲ ਪਾ ਕੇ ਮਾਰਕਸਵਾਦ ਨੂੰ ਨਾਨਕਵਾਦ ਕਹਿਕੇ ਮੇਲਣਾ ਤੇ ਵੇਖਣਾ ਹੀ ਗਲਤ ਹੈ।

ਇਨਕਲਾਬ ਦਾ ਮਤਲਬ ਤਾਂ ਇਨਾ ਕਿ ਕਾਮੇ ਮਜਦੂਰ ਯਾਣੀ ਹਰੇਕ ਲਿਤਾੜੇ ਜਾ ਰਹੇ ਦਾ ਹੱਕ ਮਿਲਣਾ ਚਾਹੀਦਾ ਪਰ ਇਹ ਹੱਕ ਪਹਿਲਾਂ ਮੇਰੇ ਹੀ ਘਰ ਤੋਂ ਸ਼ੁਰੂ ਕਿਓਂ ਨਾ ਹੋਵੇ ਜਿਹੜਾ ਕਿ ਮਾਰਕਸ ਦੀ ਜਿੰਦਗੀ ਵਿਚ ਇਓਂ ਹੋਇਆ ਨਹੀ।

ਬਦਲਾਅ ਦੀ ਮੰਗ ਤਾਂ ਇਸ ਪੀੜਾ ਵਿਚੋ ਉਠੀ ਸੀ ਕਿ ਮਨੁਖਤਾ ਨੂੰ ਰਾਹਤ ਮਿਲੇ ਪਰ ਉਸ ਮਨੁੱਖਤਾ ਵਿਚ ਔਰਤ ਯਾਣੀ ਮੇਰੀ ਖੁਦ ਦੀ ਘਰਵਾਲੀ ਕਿਓ ਨਹੀ ਆਓਂਦੀ। ਤਗੜਿਆਂ ਵਲੋਂ ਮਾੜੇ ਉਪਰ ਧਕੇਸ਼ਾਹੀ

ਆਂ ਦੀਆਂ ਥਿਊਰੀਆਂ ਲਿਖਣ ਵਾਲਾ ਮਾਰਕਸ ਖੁਦ ਦੇ ਘਰ ਦੇ ਜੀਆਂ ਖਾਸ ਕਰ ਔਰਤ ਨਾਲ ਧੱਕਾ ਕਰਦਾ ਆਮ ਦਿਸਦਾ ਜਦ ਓਹ ਬਾਹਰ ਦੂਜੀਆਂ ਔਰਤਾਂ ਨਾਲ ਸਬੰਧ ਬਣਾਓਂਦਾ ਜਿਸਦੀਆਂ ਅਨੇਕ ਮਿਸਾਲਾ ਹਨ।

1818 ਵਿਚ ਜਰਮਨੀ ਵਿਚ ਪੈਦਾ ਹੋਏ ਕਾਰਲ ਮਾਰਕਸ ਨੂੰ 17 ਸਾਲ ਦੀ ਉਮਰ ਵਿਚ ਯੂਨੀਵਰਸਟੀ ਦੇ ਪਹਿਲੇ ਸਾਲ ਹੀ ਸ਼ਰਾਬ ਪੀ ਕੇ ਖਰੂਦ ਕਰਨ ਦੇ ਦੋਸ਼ ਹੇਠ ਜਿਹਲ ਖਾਣੀ ਪਈ।

1843 ਵਿਚ ਕਾਰਲ ਦਾ ਵਿਆਹ ਜੈਨੀ ਨਾਂ ਦੀ ਉਸ ਦੀ ਦੋਸਤ ਕੁੜੀ ਨਾਲ ਹੋਇਆ ਜਿਥੇ ਚਰਚ ਵਿਚ ਕੁੜੀ ਦੀ ਮਾਂ ਅਤੇ ਭਰਾ ਤੋਂ ਇਲਾਵਾ ਕੋਈ ਨਹੀ ਆਇਆ ਖੁਦ ਕਾਰਲ ਵਲੋਂ ਵੀ ਕੋਈ ਨਹੀ ਅਤੇ ਯਾਦ ਰਹੇ ਕਿ ਕਾਰਲ ਦੀ ਅਰਥੀ ਨਾਲ ਵੀ ਕੇਵਲ ਗਿਆਰਾਂ ਲੋਕ ਸਨ।

ਅਗੇ ਜਾ ਕੇ ਚਾਰ ਨਿਆਣਿਆਂ ਤੋਂ ਬਾਅਦ ਕਾਰਲ ਦੀ ਘਰੇਲੂ ਹਾਲਤ ਜਦ ਬਹੁਤ ਖਸਤਾ ਹੋਈ ਤਾਂ ਪਤਨੀ ਜੈਨੀ ਘਰ ਵਿਚਲੇ ਜੀਆਂ ਦੇ ਢਿੱਡ ਦੀ ਅਗ ਨੂੰ ਬਲਦਾ ਰਖਣ ਲਈ ਅਤੇ ਅਤ ਦੀ ਗਰੀਬੀ ਵਿਚੋਂ ਚਾਰ ਦਿਨ ਜਿੰਦਗੀ ਨੂੰ ਧਕਾ ਲਾਈ ਰਖਣ ਲਈ ਅਪਣੀ ਮਾਂ ਕੋਲੇ ਚਾਰ ਪੈਸਿਆਂ ਦਾ ਪ੍ਰਬੰਧ ਕਰਨ ਜਾਂਦੀ ਹੈ ਤਾਂ ਮਗਰੋਂ ਮਾਰਕਸ ਭੁਖੇ ਨਿਆਣਿਆਂ ਦੇ ਢਿਡਾਂ ਦੀ ਪ੍ਰਵਾਹ ਨਾ ਕਰਦਾ ਹੋਇਆ ਘਰ ਦੀ 'ਲਿੰਚਨ' ਨਾਂ ਦੀ ਨੌਕਰਾਣੀ ਨੂੰ ਹੀ ਗਰਭਵਤੀ ਕਰ ਸੁਟਦਾ ਹੈ ਜਿਹੜੀ ਜੈਨੀ ਦੀ ਮਾਂ ਨੇ ਹੀ ਧੀ ਅਤੇ ਨਿਆਣਿਆਂ ਦੀ ਮਦਦ ਕਰਨ ਲਈ ਜੈਨੀ ਕੋਲੇ ਛਡੀ ਹੋਈ ਸੀ। 'ਲਿੰਚਨ' ਵਿਚੋਂ 'ਫਰੈਡੀ' ਨਾ ਦਾ ਮੁੰਡਾ ਯਾਣੀ ਕਾਰਲ ਦੀ ਨਜਾਇਜ ਉਲਾਦ ਪੈਦਾ ਹੁੰਦੀ ਹੈ ਜਿਸਨੂੰ ਕਾਰਲ ਦਾ ਦੋਸਤ 'ਏਂਗਲਜ਼' ਅਪਣੇ ਖਾਤੇ ਪਾ ਮਾਰਕਸ ਦਾ ਘਰ ਟੁਟਣੋਂ ਬਚਾ ਲੈਂਦਾ ਹੈ। 'ਫਰੈਡੀ' ਨੂੰ ਕਾਰਲ ਦੇ ਮਰਨ ਤੋਂ ਕਈ ਚਿਰ ਬਾਅਦ ਪਤਾ ਲਗਾ ਕਿ ਮੇਰਾ ਅਸਲੀ ਪਿਓ ਮਾਰਕਸ ਸੀ।

ਯਾਦ ਰਹੇ ਕਿ ਏਂਗਲਜ਼ ਨਾ ਦਾ ਬੰਦਾ ਘਰੋਂ ਅਮੀਰ ਹੋਣ ਦੇ ਬਾਵਜੂਦ ਸਾਰੀ ਉਮਰ ਕਾਰਲ ਦਾ ਮਦਦਗਾਰ ਰਿਹਾ ਅਤੇ ਤੁਸੀਂ ਇਓਂ ਕਹਿ ਸਕਦੇਂ ਕਿ ਉਸ ਬਿਨਾ ਕਾਰਲ ਸ਼ਾਇਦ ਕਦੇ 'ਸਰਵਾਈਵ' ਨਾ ਕਰ ਪਾਓਂਦਾ ਅਤੇ ਨਾ ਲਿਖ ਸਕਦਾ ਕਿਓਂਕਿ ਕਾਰਲ ਇਨਾ ਲਾਪਰਵਾਹ ਅਤੇ ਐਬਾਂ ਵਿਚ ਘਿਰਿਆ ਰਿਹਾ ਕਿ ਓਹ ਯਕੀਨਨ ਟਬਰ ਛਡ ਕੇ ਦੌੜ ਨਿਕਲਦਾ ਜੇ ਏਂਗਲਜ਼ ਉਸ ਦਾ ਮਦਦਗਾਰ ਨਾ ਹੁੰਦਾ।

ਇਕ ਹੋਰ ਵਾਰੀ ਕਾਰਲ ਦੇ ਨਿਆਣੇ ਸਮੇਤ ਘਰਵਾਲੀ ਬਿਮਾਰੀ ਅਤੇ ਭੁਖ ਨਾਲ ਘੁਲ ਰਹੇ ਸਨ ਤਾਂ ਕਾਰਲ 'ਹਾਲੈਂਡ' ਅਪਣੇ ਚਾਚੇ ਫਿਲਪ ਕੋਲੋਂ ਮਦਦ ਮੰਗਣ ਗਿਆ ਪਰ ਓਥੇ ਜਾ ਕੇ ਚਾਚੇ ਦੀ ਹੀ ਕੁੜੀ 'ਨਾਨੇਟੀ' ਦੇ ਇਸ਼ਕ ਵਿਚ ਫਸ ਕੇ ਰਹਿ ਗਿਆ ਅਤੇ ਘਰੇ ਚਿੱਠੀ ਲਿਖ ਦਿਤੀ ਕਿ ਬਿਮਾਰ ਹਾਂ ਠੀਕ ਹੋਏ ਤੇ ਪਹੁੰਚੇਗਾ। ਓਥੋਂ ਵੀ ਘਰ ਨਹੀ ਮੁੜਿਆ ਬਰਲਿਨ ਜਾ ਕੇ 'ਲੈਸਨੀ' ਨਾ ਦੀ ਅਮੀਰ ਔਰਤ ਦੇ ਰੁਮਾਂਸ ਵਿਚ ਰੁਝ ਗਿਆ।

ਘਰ ਵਿਚ ਨਿਆਣੇ ਬਿਮਾਰ ਅਤੇ ਭੁਖੇ ਮਰ ਰਹੇ ਹੋਣ ਅਤੇ ਬੰਦਾ ਬਾਹਰ ਇਸ਼ਕ ਕਰਦਾ ਫਿਰ ਰਿਹਾ ਹੋਵੇ, ਕਿੰਨਾ ਕੁ ਜਿੰਮੇਵਾਰ ਹੋਵੇਗਾ ਅਤੇ ਇਸੇ ਦੌਰਾਨ ਫੈਲੀ ਹੋਈ ਹੈਜੇ ਦੀ ਬਿਮਾਰੀ ਕਾਰਨ ਮਾਰਕਸ ਦਾ ਮੁੰਡਾ ਬਿਮਾਰੀ ਦੀ ਹਾਲਤ ਵਿਚ ਚਲ ਵਸਿਆ। ਬੇਟੇ ਦੀ ਮੌਤ ਉਪਰ ਕਾਰਲ ਇਨਾ ਦੁਖੀ ਹੋਇਆ ਕਿ ਉਸਦਾ ਦੋਸਤ ਲਿਖਦਾ ਹੈ ਕਿ ਕਬਰ ਵਿਚ ਉਤਾਰਨ ਵੇਲੇ ਜਦ ਤਾਬੂਤ ਚੁਕਿਆ ਤਾਂ ਮੈ ਡਰ ਗਿਆ ਕਿ ਕਾਰਲ ਕਿਤੇ ਟੋਏ ਵਿਚ ਨਾ ਕੁਦ ਪਏ। ਏਂਗਲਜ਼ ਨੂੰ ਕਾਰਲ ਲਿਖਦਾ ਹੈ ਕਿ ਉਸ ਸ਼ਾਮ ਮੇਰਾ ਇਨਾ ਸਿਰ ਦੁਖਿਆ ਕਿ ਮੈਨੂੰ ਦਿਸਣੋ ਹਟ ਗਿਆ।

ਕਹਿੰਦੇ ਰੂਸੀ ਇਨਕਲਾਬ ਪਿਛੋਂ ਜਦ ਮਾਰਕਸ ਦੀਆਂ ਜੀਵਨੀਆਂ ਛਪਣੀਆਂ ਸ਼ੁਰੂ ਹੋਈਆਂ ਤਾਂ ਸਟਾਲਿਨ ਨੇ ਕਾਰਲ ਦੇ ਓਹ ਸਾਰੇ ਪੱਖ ਵਿਚੋਂ ਕਢਵਾ ਦਿਤੇ ਜਿਹੜੇ ਕਾਰਲ ਦੀਆਂ ਕਮਜੋਰੀਆਂ ਜਾਹਰ ਕਰਦੇ ਸਨ ਅਤੇ ਕਾਰਲ ਨੂੰ ਇਕ ਗੈਰ-ਜਿੰਮੇਵਾਰ ਕਿਸਮ ਦਾ ਮਨੁੱਖ ਸਾਬਤ ਕਰਦੇ ਸਨ।

ਕਾਰਲ ਦੇ ਦੋਸਤ ਏਂਗਲਜ਼ ਦੀ ਜਦ ਪਤਨੀ ਮਰਦੀ ਹੈ ਤਾਂ ਕਾਰਲ ਪਹਿਲੇ ਦੋ ਚਾਰ ਅਖਰ ਹਮਦਰਦੀ ਦੇ ਲਿਖ ਕੇ ਅਪਣੀ ਗਰੀਬੀ ਦੇ ਜਿਓਂ ਲਗਦਾ ਰੋਣੇ ਰੋਣ ਕੇ ਪਤਨੀ ਦੇ ਗਮ ਵਿਚ ਅਕਿਆ ਤਪਿਆ ਏਂਗਲਜ਼ ਵਾਪਸ ਚਿੱਠੀ ਲਿਖਦਾ ਕਿ ਇਦੋਂ ਤਾਂ ਤੂੰ ਮੇਰੇ ਦੁਖ ਵਿਚ ਸ਼ਰੀਕ ਨਾ ਹੀ ਹੁੰਦਾ ਢੱਠੇ ਖੂਹ ਵਿਚ ਪੈ। 11 ਦਿਨਾ ਬਾਅਦ ਕਾਰਲ ਨੇ ਚਿੱਠੀ ਲਿਖ ਕੇ ਇਸ ਗਲ ਦੀ ਏਂਗਲਜ਼ ਕੋਲੋਂ ਮਾਫੀ ਮੰਗੀ।

ਜਦ ਤੁਸੀਂ ਕਾਰਲ ਮਾਰਕਸ ਦੇ ਨਾਲ ਜੁੜੇ ਏਂਗਲਜ਼ ਦੇ ਕ੍ਰੈਟਰ ਨੂੰ ਦੇਖਦੇ ਹੋਂ ਤਾਂ ਏਂਗਲਜ਼ ਕਾਰਲ ਨਾਲੋਂ ਕਿਤੇ ਮਹਾਨ ਨਜਰ ਆਓਂਦਾ ਜਿਹੜਾ ਅਮੀਰ ਬਾਪ ਦੀ ਔਲਾਦ ਹੁੰਦੇ ਹੋਏ ਵੀ ਕਾਰਲ ਦੇ ਮਰਨ ਤੋਂ ਬਾਅਦ ਤਕ ਵੀ ਉਸ ਦੀਆਂ ਧੀਆਂ ਤਕ ਦਾ ਮਦਦਗਾਰ ਰਿਹਾ ਜਦ ਕਿ ਮਾਰਕਸ ਦੀ ਲੜਾਈ ਹੀ ਅਮੀਰਾਂ ਦੇ ਵਿਰੁਧ ਸੀ।

ਗਲ ਇਓਂ ਨਾ ਸੀ ਕੀ ਕਾਰਲ ਨੇ ਕੋਈ ਜਗੋਂ ਤੇਰਵੀਂ ਕਰ ਮਾਰੀ ਸੀ ਦਰਅਸਲ ਪਹਿਲਾਂ ਤੋਂ ਲੋਕਾਂ ਅੰਦਰ ਭੜਕ ਰਹੀ ਅਗ ਨੂੰ ਮਾਰਕਸ ਦੀ ਥਿਊਰੀ ਨੇ ਸ਼ਹਿ ਦਿਤੀ ਅਤੇ ਰੂਸ ਦੇ ਇਨਕਲਾਬ ਨੇ ਕਾਰਲ ਨੂੰ ਅਮਰ ਕਰ ਦਿਤਾ ਨਹੀ ਤਾਂ ਯੂਰਪ ਵਿਚ ਕਾਰਲ ਦੀ 'ਦਾਸ ਕੈਪੀਟਲ' ਦੀ ਪਹਿਲੀ ਐਡੀਸ਼ਨ ਦੀ ਵਿਕਰੀ ਹੀ ਦਸਦੀ ਕਿ ਲੋਕਾਂ ਕੋਈ ਬਾਹਲਾ ਗਰਮ ਹੁੰਗਾਰਾ ਨਹੀ ਦਿਤਾ। ਇਸ ਬਾਰੇ ਕਾਰਲ ਖੁਦ ਹੀ ਲਿਖਦਾ ਕਿ ਓਨੇ ਦੀ ਮੇਰੀ ਕਿਤਾਬ ਨਹੀ ਵਿਕੀ ਜਿੰਨੇ ਦੇ ਮੈਂ ਸਿਗਾਰ ਪੀ ਗਿਆ ਹਾਂ।

ਰੂਸ ਵਿਚ ਜਾ ਕੇ ਮਾਰਕਸ ਦੀ ਚੜਤ ਹੋਈ ਕਿਓਂਕਿ ਰੂਸ ਵਿਚ ਇਨਕਲਾਬ ਦੀ ਅਗ ਪਹਿਲਾਂ ਹੀ ਬਲ ਚੁਕੀ ਹੋਈ ਸੀ।

ਮਾਲਕ ਅਤੇ ਮਜਦੂਰ ਦੀ ਟਕਰ ਐਨ ਸਿਰੇ ਤੇ ਸੀ ਅਤੇ ਮਜਦੂਰ ਮਾਲਕ ਦੇ ਜੁਲਮਾ ਤੋਂ ਅਕ ਚੁਕਾ ਹੋਇਆ ਸੀ। ਓਥੇ ਪਹਿਲਾਂ ਹੀ ਮਾਈਕਲ ਬਾਕੂਨਿਨ ਵਰਗੇ ਤਤੇ ਇਨਕਲਾਬੀ ਜਮੀਨ ਤਿਆਰ ਕਰ ਚੁਕੇ ਹੋਏ ਸਨ ਜਿਸ ਦੀ 'ਕ੍ਰਾਂਤੀ ਦੇ ਗੁਰ' ਨਾਂ ਦੀ ਕਿਤਾਬ ਗਰਮ ਪਕੌੜਿਆਂ ਤਰਾਂ ਵਿਕ ਰਹੀ ਸੀ ਉਸ ਦੇ ਮੁਕਾਬਲੇ ਕਾਰਲ ਦੇ 'ਕੈਪੀਟਲ' ਬਾਰੇ ਖੁਫੀਆ ਰਿਪੋਟ ਸੀ ਕਿ ਇਹ ਖਤਰਨਾਕ ਨਹੀ ਕਿਓਂਕਿ ਕਿਸੇ ਨੂੰ ਪਤਾ ਨਹੀ ਲਗੇਗਾ ਇਸ ਵਿਚ ਕੀ ਲਿਖਿਆ। ਲੋਕ ਪੜਨਗੇ ਹੀ ਨਹੀ ਬੈਨ ਲਾਓਂਣ ਨਾਲ ਹੋਰ ਉਤਸੁਕਤ ਹੋ ਸਕਦੇ। ਕੁਝ ਹਿਸਾਬ ਕਿਤਾਬ ਦੀਆਂ ਗਲਾਂ ਨੇ, ਕੁਝ ਇਕਨਾਮਿਕਸ ਦੀਆਂ।

ਯਾਦ ਰਹੇ ਅਗੇ ਜਾ ਕੇ ਕਾਰਲ ਨੇ ਅਪਣੀ ਬਹੁ ਗਿਣਤੀ ਦੇ ਜੋਰ ਨਾਲ ਮਾਈਕਲ ਬਾਕੂਨਿਨ ਨੂੰ ਅਪਣੀ ਇੰਟਰਨੈਸ਼ਨਲ ਵਿਚੋਂ ਕਢ ਦਿਤਾ ਸੀ ਕਿ ਇਹ ਤਤਾ ਲਿਖਦਾ ਜਿਵੇਂ ਅਜ ਦੇ ਪੰਜਾਬ ਦੇ ਕਾਮਰੇਡ ਕਿਸੇ ਸਿਖ ਦੇ ਬੋਲਣ ਤੇ ਅਸਮਾਨ ਚੁਕ ਲੈਂਦੇ ਕਿ ਇਹ ਤਤਾ ਬੋਲਦੇ।

ਬੇਸ਼ਕ ਮਾਰਕਸ ਜਰਮਨੀ ਵਿਚ ਹੋਇਆ ਅਤੇ ਯੂਰਪ ਵਿਚ ਉਸ ਦੀ ਥਿਊਰੀ ਘੁੰਮੀ ਜਿਹੜੀ ਕਿ ਮਸੀਂ ਇਕ ਐਡੀਸ਼ਨ ਹੀ ਜੋਰ ਲਾ ਕੇ ਵਿਕ ਸਕੀ ਪਰ ਮਾਰਕਸਵਾਦ ਓਦੋਂ ਫੈਲਿਆ ਜਦ ਇਹ ਰੂਸ ਤਕ ਪਹੁੰਚਾ।

ਕਾਰਲ ਦੇ ਘਰ 'ਫਰੈਡੀ' ਨਾਂ ਦੀ ਨਜਾਇਜ ਔਲਾਦ ਤੋਂ ਬਿਨਾ ਚਾਰ ਧੀਆਂ ਅਤੇ ਇਕ ਪੁੱਤ ਜੰਮਿਆ ਸੀ ਅਤੇ ਬਿਮਾਰ ਹੋ ਕੇ ਮਰੇ ਪੁਤ ਤੇ ਮਹਾਨ ਆਖੇ ਜਾਂਦੇ ਕਾਰਲ ਦੇ ਕੀਰਨੇ ਰਾਮ ਦੇ ਸੀਤਾ ਲਭਣ ਵੇਲੇ ਦੇ ਸਨ।

ਜੈਨੀ ਯਾਣੀ ਮਾਰਕਸ ਦੀ ਘਰਵਾਲੀ ਕਾਰਲ ਨਾਲੋਂ ਚਾਰ ਸਾਲ ਵਡੀ ਸੀ ਜਿਸ ਨੇ ਅਤ ਦੀ ਗਰੀਬੀ ਅਤੇ ਭੁਖਮਰੀ ਵਿਚ ਆਵਦੇ ਨਿਆਣੇ ਪਾਲੇ ਜਿਸ ਵਿਚੋਂ ਤਿੰਨ ਧੀਆਂ ਹੀ ਬਚ ਸਕੀਆਂ ਜਿੰਨਾ ਵਿਚੋਂ ਅਖੀਰ ਤੇ ਲੂਸੀ ਅਤੇ ਲਾਰਾ ਆਤਮਹੱਤਿਆ ਕਰਕੇ ਮਰੀਆਂ। ਲਾਰਾ ਤਾਂ ਅਪਣੇ ਪਤੀ ਪਾਲ ਲਫਾਰਗ ਸਮੇਤ ਹੀ ਸਾਈਨਡ ਖਾ ਗਈ।

ਯਾਦ ਰਹੇ ਇਸੇ ਲਫਾਰਗ ਯਾਣੀ ਕਾਰਲ ਦੇ ਜਵਾਈ ਨੇ ਜੈਨੀ ਯਾਣੀ ਅਪਣੀ ਸੱਸ ਮਰੀ ਤੇ ਅਪਣੀ ਅਖਬਾਰ ਵਿਚ ਸ਼ਰਧਾਂਜਲੀ ਮਰੀ ਤੇ ਲਿਖਿਆ ਸੀ ਕਿ ਦੋਨਾਂ ਦੀ ਜੋੜੀ ਵਿਚ ਬੇਹਦ ਕਲੇਸ਼ ਰਿਹਾ ਕਿਓਂਕਿ ਜੈਨੀ ਈਸਾਈ ਸੀ ਮਾਰਕਸ ਯਹੂਦੀ।

ਆਖਰ 64 ਸਾਲ ਉਮਰ ਵਿਚ 17 ਮਾਰਚ 1883 ਨੂੰ ਕਾਰਲ ਮਾਰਕਸ ਵੀ ਕੁਰਸੀ ਤੇ ਬੈਠਾ ਹੀ ਅਰਾਮ ਦੀ ਨੀਂਦ ਸੌਂ ਗਿਆ ਯਾਣੀ ਇਸ ਫਾਨੀ ਦੁਨੀਆਂ ਨੂੰ ਅਲਵਿਦਾ ਆਖ ਗਿਆ ਜਿਹੜਾ ਕਾਰਲ ਮਾਰਕਸ ਤੋਂ ਮਾਰਕਸਵਾਦ ਹੋ ਗਿਆ ਜਿਸ ਬਾਰੇ ਓਹ ਖੁਦ ਕਿਹਾ ਕਰਦਾ ਸੀ ਮੈਂ ਮਾਰਕਸ ਹਾਂ ਮਾਰਕਸਵਾਦ ਨਹੀ।

-ਗੁਰਦੇਵ ਸਿੰਘ ਸੱਧੇਵਾਲੀਆ

# ਗ੍ਰੀਨ ਕਾਰਡ ਲਈ ਅੰਕਾਂ ਵਾਲਾ ਨਵਾਂ ਬਿੱਲ ਪੇਸ਼

ਵਾਸ਼ਿੰਗਟਨ- ਅਲਾਬਾਮਾ ਤੋਂ ਰਿਪਬਲਿਕਨ ਸੈਨੇਟਰ ਟੌਮੀ ਟਿਊਬਰਵਿਲ ਨੇ "ਅਮੈਰੀਕਨਜ਼ ਫਸਟ ਇਮੀਗ੍ਰੇਸ਼ਨ ਐਕਟ" ਨਾਮ ਦਾ ਬਿੱਲ ਪੇਸ਼ ਕੀਤਾ ਹੈ। ਇਸਦਾ ਮਕਸਦ ਅਮਰੀਕਾ ਦੀ ਕਾਨੂੰਨੀ ਇਮੀਗ੍ਰੇਸ਼ਨ ਅਤੇ ਗ੍ਰੀਨ ਕਾਰਡ ਪ੍ਰਣਾਲੀ ਨੂੰ ਵੱਡੇ ਪੱਧਰ 'ਤੇ ਬਦਲਣਾ ਦੱਸਿਆ ਗਿਆ ਹੈ। ਇਸ ਨਾਲ ਮਿਲਦਾ-ਜੁਲਦਾ ਬਿੱਲ ਰਿਪਬਲਿਕਨ ਸੰਸਦ ਮੈਂਬਰ ਬੈਰੀ ਮੂਰ ਨੇ ਪਹਿਲਾਂ ਪ੍ਰਤੀਨਿਧੀ ਸਭਾ ਵਿਚ ਪੇਸ਼ ਕੀਤਾ ਸੀ।

ਬਿੱਲ ਵਿਚ ਮੌਜੂਦਾ ਰੁਜ਼ਗਾਰ-ਆਧਾਰਿਤ ਗ੍ਰੀਨ ਕਾਰਡ ਪ੍ਰਣਾਲੀ, ਜਿਸ ਵਿਚ ਈਬੀ-1, ਈਬੀ-2 ਅਤੇ ਈਬੀ-3 ਵਰਗੀਆਂ ਸ਼੍ਰੇਣੀਆਂ ਸ਼ਾਮਲ ਹਨ, ਦੀ ਥਾਂ ਅੰਕਾਂ ਉੱਤੇ ਆਧਾਰਿਤ ਪ੍ਰਣਾਲੀ ਲਿਆਉਣ ਦੀ ਤਜਵੀਜ਼ ਹੈ। ਬਿਨੈਕਾਰਾਂ ਨੂੰ ਪੜ੍ਹਾਈ, ਅੰਗਰੇਜ਼ੀ ਬੋਲਣ ਦੀ ਸਮਰੱਥਾ, ਉਮਰ, ਕੰਮ ਦਾ ਤਜ਼ਰਬਾ, ਤਨਖ਼ਾਹ, ਅਮਰੀਕੀ ਕੰਪਨੀ ਵੱਲੋਂ ਨੌਕਰੀ ਦੀ ਪੇਸ਼ਕਸ਼, ਫ਼ੌਜੀ ਸੇਵਾ ਅਤੇ ਅਸਾਧਾਰਨ ਪ੍ਰਾਪਤੀਆਂ ਦੇ ਆਧਾਰ 'ਤੇ ਅੰਕ ਦਿੱਤੇ ਜਾਣਗੇ। ਬਿਨੈਕਾਰ ਨੂੰ ਘੱਟੋ-ਘੱਟ ਲੋੜੀਂਦੇ ਅੰਕ ਪ੍ਰਾਪਤ ਕਰਨੇ ਪੈਣਗੇ। ਜ਼ਿਆਦਾ ਅੰਕ ਪ੍ਰਾਪਤ ਕਰਨ ਵਾਲੇ ਉਮੀਦਵਾਰਾਂ ਨੂੰ ਪਹਿਲ ਮਿਲ ਸਕਦੀ ਹੈ। ਅਮਰੀਕੀ ਕੰਪਨੀਆਂ ਨੂੰ ਵਿਦੇਸ਼ੀ ਕਾਮਾ ਰੱਖਣ ਤੋਂ ਪਹਿਲਾਂ ਇਹ ਦਿਖਾਉਣਾ ਪਵੇਗਾ ਕਿ ਉਨ੍ਹਾਂ ਨੇ ਅਮਰੀਕੀ ਕਾਮਿਆਂ ਦੀ ਭਰਤੀ ਕਰਨ ਦੀ ਕੋਸ਼ਿਸ਼ ਕੀਤੀ ਅਤੇ ਵਿਦੇਸ਼ੀ ਕਾਮੇ ਕਾਰਨ ਕਿਸੇ ਅਮਰੀਕੀ ਦੀ ਨੌਕਰੀ ਜਾਂ ਤਨਖ਼ਾਹ ਪ੍ਰਭਾਵਿਤ ਨਹੀਂ ਹੋਵੇਗੀ। ਬਿੱਲ ਪਰਿਵਾਰਕ ਇਮੀਗ੍ਰੇਸ਼ਨ ਨੂੰ ਵੀ ਸੀਮਤ ਕਰਨ ਦੀ ਤਜਵੀਜ਼ ਕਰਦਾ ਹੈ। ਇਸ ਅਧੀਨ ਮੁੱਖ ਤੌਰ 'ਤੇ ਪਤੀ-ਪਤਨੀ ਅਤੇ ਨਾਬਾਲਗ ਬੱਚਿਆਂ ਨੂੰ ਪਹਿਲ ਮਿਲੇਗੀ। ਅਮਰੀਕੀ ਨਾਗਰਿਕਾਂ ਦੇ ਮਾਪਿਆਂ, ਭੈਣਾਂ-ਭਰਾਵਾਂ ਅਤੇ ਕੁਝ ਹੋਰ ਰਿਸ਼ਤੇਦਾਰਾਂ ਲਈ ਮੌਜੂਦਾ ਰਸਤੇ ਖ਼ਤਮ ਜਾਂ ਬਹੁਤ ਘੱਟ ਕੀਤੇ ਜਾ ਸਕਦੇ ਹਨ।

ਇਸ ਤੋਂ ਇਲਾਵਾ ਡਾਇਵਰਸਿਟੀ ਵੀਜ਼ਾ ਲਾਟਰੀ ਖ਼ਤਮ ਕਰਨ, ਧਾਰਮਿਕ ਕਾਮਿਆਂ ਲਈ ਸੀਮਤ ਗਿਣਤੀ ਰੱਖਣ ਅਤੇ ਸਰਕਾਰੀ ਕਾਲਜਾਂ ਨੂੰ ਗੈਰ-ਸਥਾਈ ਵਸਨੀਕਾਂ ਤੋਂ ਘੱਟੋ-ਘੱਟ ਬਾਹਰਲੇ ਰਾਜ ਵਾਲੀ ਫੀਸ ਲੈਣ ਦੀ ਤਜਵੀਜ਼ ਹੈ। ਸਭ ਤੋਂ ਜ਼ਰੂਰੀ ਗੱਲ ਇਹ ਹੈ ਕਿ ਇਹ ਅਜੇ ਸਿਰਫ਼ ਪੇਸ਼ ਕੀਤਾ ਗਿਆ ਬਿੱਲ ਹੈ। ਇਹ ਕਾਨੂੰਨ ਨਹੀਂ ਬਣਿਆ ਅਤੇ ਮੌਜੂਦਾ ਗ੍ਰੀਨ ਕਾਰਡ ਅਰਜ਼ੀਆਂ ਜਾਂ ਉਡੀਕ ਸੂਚੀਆਂ ਉੱਤੇ ਤੁਰੰਤ ਕੋਈ ਅਸਰ ਨਹੀਂ ਪਿਆ। ਇਸਨੂੰ ਲਾਗੂ ਹੋਣ ਲਈ ਸੈਨੇਟ ਅਤੇ ਪ੍ਰਤੀਨਿਧੀ ਸਭਾ ਦੀ ਮਨਜ਼ੂਰੀ ਤੋਂ ਬਾਅਦ ਰਾਸ਼ਟਰਪਤੀ ਦੇ ਦਸਤਖ਼ਤ ਚਾਹੀਦੇ ਹਨ।


"For all your insurance needs."

Scott Road Insurance

Open 7 Days a Week
ਹਫਤੇ ਦੇ ਸੱਤੇ ਦਿਨ ਖੁੱਲਦੇ ਹਾਂ

ICBC autoplan



Avtar S. Gill
CEO

- Autoplan/cars Insurance
- Homeowner Insurance
- Rental Homes Insurance
- Trucking & Cargo Insurance
- Fleet & Prorate Insurance
- Travel Insurance
- Medical Insurance
- Business Liability Insurance
- Commercial Insurance
- Construction Insurance
- Strata Property Insurance
- Tenant insurance

INSURANCE

| House | Contents | Liability | Premium |
|---|---|---|---|
| $450,000 | $315,000 | 1 Million | $302 /YR |
| $550,000 | $385,000 | 1 Million | $346 /YR |
| $650,000 | $455,000 | 1 Million | $407 /YR |
| $750,000 | $525,000 | 1 Million | $467 /YR |

Discounts may vary due to individual circumstances and policy requirements.Rates subject to change without notice. *Above Rates Includes:* Senior Discount, Claims Free Discount, New Home Discount, Mortgage Free Discount, Home Production Discount

Special Rates For **Super Visa Insurance**
ਅਸੀਂ ਸੁਪਰਵੀਜ਼ਾ ਲਈ ਮੈਡੀਕਲ ਇੰਸ਼ੋਰੈਂਸ ਵੀ ਕਰਦੇ ਹਾਂ ਅਤੇ ਵੀਜ਼ਾ ਨਾ ਮਿਲਣ ਤੇ ਪੈਸੇ ਵਾਪਸ ਕਰਦੇ ਹਾਂ



We Specialize in:
Cargo, Prorate & Fleet Insurance
We help in setting up new trucking companies
ਟੱਰਕਾਂ ਅਤੇ ਟਰੇਲਰਾਂ ਦੇ ਫਾਇਨਾਂਸ ਲਈ ਮਦਦ ਕਰਦੇ ਹਾਂ

7130-120 St. (Satnam Plaza) Surrey, Ph: 604-597-2700, Fax: 604-597-2900, www.scottroadinsurance.com

## Over 30 Years of Industry Experience

# MULTANI LAW GROUP

ਆਪਣੀ ਪ੍ਰੇਸ਼ਾਨੀ ਨੂੰ ਘਟਾਉਣ, ਆਪਣਾ ਹੱਕ ਲੈਣ ਅਤੇ ਆਪਣੀ ਜ਼ਿੰਦਗੀ ਨੂੰ
ਸਹੀ ਰਸਤੇ ਤੇ ਲਿਆਉਣ ਲਈ ਸਾਡੇ ਨਾਲ ਸੰਪਰਕ ਕਰੋ



Gerald F. Robison
Senior Attorney

MULTANI LAW GROUP

**Jashan Multani**

**206-243-4219**



Jashan Multani
Associate Partner

## ਅਸੀਂ ਭਰੋਸੇਯੋਗ ਕਾਨੂੰਨੀ ਸਲਾਹ ਪ੍ਰਦਾਨ ਕਰਦੇ ਹਾਂ

**Services we provide:**

- Immigration/Political Asylum
  U-Visa, Vawa,

-SIJ Guardianship Cases

- Car Accidents/Personal Injury
- Evictions

**ਅਸੀਂ ਇਹ ਸੇਵਾਵਾਂ ਪ੍ਰਦਾਨ ਕਰਦੇ ਹਾਂ**

-ਇੰਮੀਗਰੇਸ਼ਨ/ਪੁਲਿਟੀਕਲ ਅਸਾਈਲਮ,
ਯੂ-ਵੀਜਾ, ਵਾਅਵਾ,

-SIJ ਗਾਰਡੀਅਨਸ਼ਿਪ ਕੇਸ

-ਕਾਰ ਐਕਸੀਡੈਂਟ/ਪ੍ਰਸਨਲ ਇਨਜਰੀ

-ਕਿਰਾਏਦਾਰ ਕੱਢਣਾ

**Website:multanilawgroup.com**

**Email:Jashan@multanilawgroup.com**

Add: 13106 S. East 240th St., #110, Kent, WA 98031

# ਅਮਰੀਕੀ ਯੂਨੀਵਰਸਿਟੀ ਨੇ ਇਕ ਹੋਰ ਗ੍ਰਹਿ ਲੱਭਣ ਦਾ ਕੀਤਾ ਦਾਅਵਾ

ਵਾਸ਼ਿੰਗਟਨ: ਪਿਛਲੇ ਕਈ ਦਹਾਕਿਆਂ ਤੋਂ ਵਿਗਿਆਨੀ ਧਰਤੀ ਤੋਂ ਬਾਹਰ ਕਿਸੇ ਹੋਰ ਗ੍ਰਹਿ ’ਤੇ ਜੀਵਨ ਲੱਭਣ ’ਚ ਜੁਟੇ ਹੋਏ ਹਨ। ਇਸੇ ਦੌਰਾਨ ਇਕ ਵੱਡੀ ਖ਼ਬਰ ਸਾਹਮਣੇ ਆਈ ਹੈ, ਜਿੱਥੇ ਵਿਗਿਆਨੀਆਂ ਨੇ ਧਰਤੀ ਤੋਂ ਲਗਭਗ 63 ਪ੍ਰਕਾਸ਼ ਸਾਲ (596,026,019,772,590 ਕਿਲੋਮੀਟਰ) ਦੂਰ ਸਥਿਤ ਇਕ ਵਿਸ਼ਾਲ ਗ੍ਰਹਿ ‘ਬੀਟਾ ਪਿਕਟੋਰਿਸ ਬੀ’ ਤੋਂ ਵਿਗਿਆਨੀਆਂ ਨੇ ਪਹਿਲੀ ਵਾਰ ਰੇਡੀਉ ਸਿਗਨਲ ਡਿਟੈਕਟ ਕੀਤੇ ਹਨ। ਹਾਲਾਂਕਿ ਇਸ ਖੋਜ ਤੋਂ ਬਾਅਦ ਪੁਲਾੜ ’ਚ ਏਲੀਅਨ ਜਾਂ ਜੀਵਨ ਦੀਆਂ ਸੰਭਾਵਨਾਵਾਂ ਬਾਰੇ ਚਰਚਾ ਸ਼ੁਰੂ ਹੋ ਗਈ ਹੈ ਪਰ ਵਿਗਿਆਨੀਆਂ ਨੇ ਸਪੱਸ਼ਟ ਕੀਤਾ ਹੈ ਕਿ ਇਹ ਸਿਗਨਲ ਕਿਸੇ ਏਲੀਅਨ ਸਭਿਅਤਾ ਤੋਂ ਨਹੀਂ ਆਏ। ‘ਹਾਰਵਰਡ ਐਂਡ ਸਮਿਥਸੋਨੀਅਨ ਸੈਂਟਰ ਫ਼ਾਰ ਐਸਟਰੋਫਿਜ਼ਿਕਸ’ ਅਤੇ ‘ਯੂਨੀਵਰਸਿਟੀ ਆਫ਼ ਓਰੇਗਨ’ ਦੇ ਵਿਗਿਆਨੀਆਂ ਨੇ ਦੱਖਣੀ ਅਫ਼ਰੀਕਾ ਦੇ ‘ਮਾਰਕੈਟ’ ਰੇਡੀਉ ਟੈਲੀਸਕੋਪ ਐਰੇ ਦੀ ਵਰਤੋਂ ਕਰ ਕੇ ਇਹ ਰੇਡੀਉ ਲਹਿਰਾਂ ਡਿਟੈਕਟ ਕੀਤੀਆਂ ਹਨ। ਪਹਿਲਾਂ ਵਿਗਿਆਨੀਆਂ ਨੂੰ ਇਹ ਸਪੱਸ਼ਟ ਨਹੀਂ ਸੀ ਕਿ ਰੇਡੀਓ ਸਿਗਨਲ ਕਿਸੇ ਸਟਾਰ ਤੋਂ ਆ ਰਹੇ ਹਨ ਜਾਂ ਗ੍ਰਹਿ ਤੋਂ, ਪਰ ਸਟੀਕ ਟੈਕਨਾਲੋਜੀ ਨੇ ਇਹ ਸਾਬਤ ਕਰ ਦਿਤਾ ਕਿ ਇਹ ਸਿਗਨਲ ਗ੍ਰਹਿ ਤੋਂ ਹੀ ਆ ਰਹੇ ਹਨ। ਵਿਗਿਆਨੀਆਂ ਅਨੁਸਾਰ ਇਹ ਰੇਡੀਉ ਤਰੰਗਾਂ ਗ੍ਰਹਿ ’ਤੇ ਚੱਲ ਰਹੇ ਵਿਸ਼ਾਲ ‘ਔਰੋਰਾ’ ਕਾਰਨ ਪੈਦਾ ਹੋ ਰਹੀਆਂ ਹਨ, ਜਿਵੇਂ ਧਰਤੀ ਦੇ ਉੱਤਰੀ ਅਤੇ ਦੱਖਣੀ ਧਰੁਵਾਂ ’ਚ ‘ਨੌਰਦਰਨ ਲਾਈਟਸ’ ਦੇਖਣ ਨੂੰ ਮਿਲਦੀਆਂ ਹਨ ਪਰ ਇਹ ਉਸ ਤੋਂ ਕਈ ਗੁਣਾ ਵੱਡੀਆਂ ਹਨ।

# ਅਮਰੀਕਾ ਵੱਲੋਂ ਈਬੀ-5 ਨਿਵੇਸ਼ਕ ਪ੍ਰੋਗਰਾਮ ਦੀ ਫੀਸ ‘ਚ ਭਾਰੀ ਵਾਧੇ ਦਾ ਐਲਾਨ

ਵਾਸ਼ਿੰਗਟਨ- ਅਮਰੀਕਾ ਨੇ ਦੇਸ਼ ‘ਚ ਨਿਵੇਸ਼ ਕਰਨ ਅਤੇ ਅੱਗੇ ਚੱਲ ਕੇ ਪੱਕੇ ਰਿਹਾਇਸ਼ (ਗਰੀਨ ਕਾਰਡ) ਹਾਸਲ ਕਰਨ ਦੇ ਖ਼ਾਹਿਸ਼ਮੰਦ ਪ੍ਰਵਾਸੀਆਂ ਲਈ ਈਬੀ-5 ਨਿਵੇਸ਼ਕ ਪ੍ਰੋਗਰਾਮ ਦੀ ਫੀਸ ‘ਚ ਭਾਰੀ ਵਾਧਾ ਕਰਨ ਦਾ ਫ਼ੈਸਲਾ ਕੀਤਾ ਹੈ। ਈਬੀ-5 ਨਿਵੇਸ਼ਕ ਪ੍ਰੋਗਰਾਮ ਭਾਰਤੀ ਉਦਮੀਆਂ ਅਤੇ ਉਨ੍ਹਾਂ ਦੇ ਪਰਿਵਾਰਾਂ ਲਈ ਗਰੀਨ ਕਾਰਡ ਹਾਸਲ ਕਰਨ ਦੇ ਭਰੋਸੇਯੋਗ ਰਸਤਿਆਂ ‘ਚੋਂ ਇੱਕ ਮੰਨਿਆ ਜਾਂਦਾ ਹੈ।

ਅਮਰੀਕੀ ਨਾਗਰਿਕਤਾ ਤੇ ਇਮੀਗਰੇਸ਼ਨ ਸੇਵਾ (ਯੂ.ਐੱਸ.ਸੀ.ਆਈ.ਐੱਸ.) ਵੱਲੋਂ ਬੀਤੇ ਦਿਨੀਂ ਜਾਰੀ ਕੀਤੇ ਗਏ ਨਿਯਮ ਤਹਿਤ ਈਬੀ-5 ਵੀਜ਼ਾ ਲਈ ਅਰਜ਼ੀ ਦਾਇਰ ਕਰਨ ਦੀ ਫੀਸ ਦੁੱਗਣੇ ਤੋਂ ਵੱਧ ਹੋ ਜਾਵੇਗੀ। ਇਹ ਨਿਯਮ 30 ਨਵੰਬਰ ਤੋਂ ਅਮਲ ‘ਚ ਆਵੇਗਾ। ਅਮਰੀਕਾ ਦਾ ‘ਈਬੀ-5 ਨਿਵੇਸ਼ਕ ਪ੍ਰੋਗਰਾਮ’ ਉਨ੍ਹਾਂ ਵਿਦੇਸ਼ੀ ਨਿਵੇਸ਼ਕਾਂ ਅਤੇ ਉਨ੍ਹਾਂ ਦੇ ਪਰਿਵਾਰਕ ਮੈਂਬਰਾਂ ਨੂੰ ਪੱਕੀ ਰਿਹਾਇਸ਼ (ਗਰੀਨ ਕਾਰਡ) ਹਾਸਲ ਕਰਨ ਦਾ ਮੌਕਾ ਦਿੰਦਾ ਹੈ, ਜੋ ਕਿਸੇ ਅਮਰੀਕੀ ਵਪਾਰ ‘ਚ ਨਿਰਧਾਰਤ ਪੂੰਜੀ ਦਾ ਨਿਵੇਸ਼ ਕਰਦੇ ਹਨ ਅਤੇ ਅਮਰੀਕੀ ਕਾਮਿਆਂ ਲਈ ਘੱਟੋ-ਘੱਟ 10 ਕੁੱਲਵਕਤੀ ਨੌਕਰੀਆਂ ਪੈਦਾ ਕਰਦੇ ਹਨ। ਇਕੱਲੇ ਨਿਵੇਸ਼ ਕਰਨ ਵਾਲੇ ਅਰਜ਼ੀਕਾਰ ਲਈ ਫਾਰਮ ਆਈ-526 ਦੀ ਫੀਸ 3,675 ਡਾਲਰ ਤੋਂ ਵਧ ਕੇ 7,615 ਡਾਲਰ ਹੋ ਜਾਵੇਗੀ। ਮਨਜ਼ੂਰਸ਼ੁਦਾ ਰੀਜਨਲ ਸੈਂਟਰ ਰਾਹੀਂ ਨਿਵੇਸ਼ ਕਰਨ ਵਾਲੇ ਅਰਜ਼ੀਕਾਰ ਲਈ ਸ਼ੁਰੂਆਤੀ ਫਾਰਮ ਆਈ-526 ਲਈ ਫੀਸ 3,675 ਡਾਲਰ ਤੋਂ ਵਧ ਕੇ 7,850 ਡਾਲਰ ਹੋ ਜਾਵੇਗੀ। ਸ਼ੁਰੂਆਤੀ ਆਈ-526 ਅਤੇ ਆਈ-526 ਈ ਅਰਜ਼ੀਆਂ ‘ਤੇ 75 ਡਾਲਰ ਦੀ ਤਕਨਾਲੋਜੀ ਫੀਸ ਵੀ ਲੱਗੇਗੀ। ਨਵੀਂ ਫੀਸ ਦਾ ਐਲਾਨ ਕਰਦਿਆਂ ਯੂ.ਐੱਸ.ਸੀ.ਆਈ.ਐੱਸ. ਨੇ ਕਿਹਾ ਕਿ ਏਜੰਸੀ ਨੂੰ ਮੁੱਖ ਤੌਰ ‘ਤੇ ਅਰਜ਼ੀ ਫੀਸ ਰਾਹੀਂ ਮਿਲਣ ਵਾਲੀ ਰਾਸ਼ੀ ਨਾਲ ਵਿੱਤੀ ਫੰਡਿੰਗ ਮਿਲਦੀ ਹੈ, ਨਾ ਕਿ ਟੈਕਸਾਂ ਰਾਹੀਂ।

# ਅਮਰੀਕਾ ‘ਚ 6,300 ਤੋਂ ਵੱਧ ਬੱਚੇ ਇਮੀਗ੍ਰੇਸ਼ਨ ਹਿਰਾਸਤ ਵਿਚ ਲਏ ਗਏ

ਵਾਸ਼ਿੰਗਟਨ, - ਅਮਰੀਕਾ ਵਿਚ ਬੱਚਿਆਂ ਨੂੰ ਇਮੀਗ੍ਰੇਸ਼ਨ ਮਾਮਲਿਆਂ ਵਿਚ ਹਿਰਾਸਤ ਵਿਚ ਰੱਖਣ ਦਾ ਮੁੱਦਾ ਸਿਰਫ਼ ਟੈਕਸਾਸ ਤੱਕ ਸੀਮਤ ਨਹੀਂ। ਇਹ ਦੇਸ਼-ਪੱਧਰੀ ਨੀਤੀ ਹੈ। ਰਿਪੋਰਟ ਮੁਤਾਬਕ, ਰਾਸ਼ਟਰਪਤੀ ਡੋਨਲਡ ਟਰੰਪ ਦੇ ਦੂਜੇ ਕਾਰਜਕਾਲ ਦੌਰਾਨ 18 ਸਾਲ ਤੋਂ ਘੱਟ ਉਮਰ ਦੇ 6,300 ਤੋਂ ਵੱਧ ਬੱਚਿਆਂ ਨੂੰ ਸੰਘੀ ਇਮੀਗ੍ਰੇਸ਼ਨ ਅਧਿਕਾਰੀਆਂ ਨੇ ਹਿਰਾਸਤ ਵਿਚ ਲਿਆ ਸੀ। ਰਿਪੋਰਟ ਅਨੁਸਾਰ, ਇਨ੍ਹਾਂ ਵਿਚੋਂ ਲਗਭਗ ਅੱਧੇ ਬੱਚੇ ਟੈਕਸਾਸ ਦੇ ਡਿਲੀ ਕੇਂਦਰ ਵਿਚ ਰੱਖੇ ਗਏ ਅਤੇ 97 ਫ਼ੀਸਦੀ ਦਾ ਕੋਈ ਅਪਰਾਧਿਕ ਰਿਕਾਰਡ ਨਹੀਂ ਸੀ।

ਇਹ 6,300 ਤੋਂ ਵੱਧ ਦਾ ਅੰਕੜਾ ਉਸ ਸਮੇਂ ਤੱਕ ਹਿਰਾਸਤ ਵਿਚ ਲਏ ਗਏ ਬੱਚਿਆਂ ਦੀ ਕੁੱਲ ਗਿਣਤੀ ਹੈ। ਇਸਦਾ ਮਤਲਬ ਇਹ ਨਹੀਂ ਕਿ ਸਾਰੇ ਬੱਚੇ ਇਸ ਵੇਲੇ ਵੀ ਹਿਰਾਸਤ ਵਿਚ ਹਨ। ਜਨਤਕ ਤੌਰ ‘ਤੇ ਉਪਲਬਧ ਅੰਕੜੇ ਸਾਰੇ ਸੰਘੀ ਵਿਭਾਗਾਂ ਅਤੇ ਹਰ ਰਾਜ ਦੇ ਬੱਚਿਆਂ ਦੀ ਤਾਜ਼ਾ, ਇਕੱਠੀ ਗਿਣਤੀ ਨਹੀਂ ਦਿੰਦੇ। ਇਸ ਲਈ ਦੇਸ਼ ਭਰ ਦਾ ਮੌਜੂਦਾ ਕੁੱਲ ਅੰਕੜਾ ਪੱਕੇ ਤੌਰ ‘ਤੇ ਦੱਸਣਾ ਸੰਭਵ ਨਹੀਂ। ਮਾਰਸ਼ਲ ਪ੍ਰੋਜੈਕਟ ਨੇ ਵੀ ਸਪੱਸ਼ਟ ਕੀਤਾ ਹੈ ਕਿ ਉਸ ਦੇ ਕੁਝ ਅੰਕੜੇ ਸਿਰਫ਼ ਆਈਸ ਦੀ ਹਿਰਾਸਤ ਵਾਲੇ ਬੱਚਿਆਂ ਬਾਰੇ ਹਨ; ਉਹ ਸਰਹੱਦੀ ਗਸ਼ਤ ਜਾਂ ਹੋਰ ਵਿਭਾਗਾਂ ਦੀ ਹਿਰਾਸਤ ਸ਼ਾਮਲ ਨਹੀਂ ਕਰਦੇ।

ਕਾਨੂੰਨ ਅਨੁਸਾਰ, ਬੱਚਿਆਂ ਨੂੰ ਹਿਰਾਸਤ ਵਿਚ ਮਨੁੱਖੀ ਅਤੇ ਸੁਰੱਖਿਅਤ ਹਾਲਾਤਾਂ ਵਿਚ ਰੱਖਣਾ ਅਤੇ ਸੰਭਵ ਹੋਵੇ ਤਾਂ ਜਲਦੀ ਪਰਿਵਾਰ ਜਾਂ ਜ਼ਿੰਮੇਵਾਰ ਬਾਲਗ ਕੋਲ ਛੱਡਣਾ ਚਾਹੀਦਾ ਹੈ। ਸਮਝੌਤੇ ਹੇਠ ਪਰਿਵਾਰਾਂ ਨਾਲ ਰਹਿੰਦੇ ਬੱਚਿਆਂ ਦੀ ਹਿਰਾਸਤ ਆਮ ਤੌਰ ‘ਤੇ 20 ਦਿਨਾਂ ਤੋਂ ਵੱਧ ਨਹੀਂ ਹੋਣੀ ਚਾਹੀਦੀ। ਇਕੱਲੇ ਆਏ ਬੱਚਿਆਂ ਨੂੰ ਆਮ ਤੌਰ ‘ਤੇ 72 ਘੰਟਿਆਂ ਅੰਦਰ ਸਿਹਤ ਅਤੇ ਮਨੁੱਖੀ ਸੇਵਾਵਾਂ ਵਿਭਾਗ ਦੀ ਦੇਖਭਾਲ ਵਿਚ ਭੇਜਣਾ ਹੁੰਦਾ ਹੈ; ਖ਼ਾਸ ਹਾਲਾਤਾਂ ਵਿਚ ਛੋਟ ਹੋ ਸਕਦੀ ਹੈ।

ਇਮੀਗ੍ਰੇਸ਼ਨ ਹਿਰਾਸਤ ਅਪਰਾਧ ਦੀ ਸਜ਼ਾ ਨਹੀਂ, ਪਰ ਬੱਚਿਆਂ ਦੀ ਲੰਮੀ ਹਿਰਾਸਤ ਅਤੇ ਹਾਲਾਤਾਂ ਬਾਰੇ ਕਾਨੂੰਨੀ ਤੇ ਮਨੁੱਖੀ ਅਧਿਕਾਰਾਂ ਦੀਆਂ ਚਿੰਤਾਵਾਂ ਜਾਰੀ ਹਨ।









OPEN 6 DAYS A WEEK, TUESDAY CLOSED

OPENING HOURS
Lunch hours from 11am -2:30pm
Dinner Hours from 5pm-9pm, Last Seating is 8:30pm

The Only True Punjabi (Indian) Vegetarian In Renton

← New Pabla Ready To Eat Frozen Cuisine Available →

Renton Location has Full Grocery Store & Sweet Shop
East Indian Spices, Dairy Products,



ਤੁਸੀਂ ਇਥੋਂ ਤਾਜਾ ਸਵਾਦਲੀਆਂ ਮਠਿਆਈਆਂ ਖਰੀਦ ਸਕਦੇ ਹੋ



ਇੰਡੀਅਨ ਮਸਾਲੇ

# Pabla Indian Cuisine

Phone: 425-228-4625 Fax: 425-228-4629
Serving Washington for 27 years.
www.pablacuisine.com
pablacuisine@gmail.com

# PABLA PUNJABI PALACE

2nd Location Now Open in Federal Way, WA
2020 S 314th St, Federal Way, WA 98003 (Hillside Plaza)
• Marriage Parties • Birthday Parties • Mehndi Parties • Business Meetings • Any Kind Of Functions

Specials: Take out 7 Days a week
DJ, Dance Floor, Catering for
All Occasions, Big TV Screens & Family Atmosphere

Seating for 1200 people



ਹੁਣ ਤੁਸੀਂ ਇਸ ਲੋਕੇਸ਼ਨ ਤੋਂ ਇੰਡੀਅਨ ਗਰੌਸਰੀ ਅਤੇ ਮਠਿਆਈਆਂ ਵੀ ਲੈ ਸਕਦੇ ਹੋ

For booking your event Please call Jas pabla At
Ph: 206-769-5559 Email: pablajas@yahoo.com

# Space Available for your Ad

ਪੰਜਾਬ ਗਾਰਡੀਅਨ ਨਾਲ
ਐਡ ਪਾਉ ਅਤੇ ਆਪਣਾ
ਬਿਜ਼ਨਸ ਵਧਾਓ



ਪੰਜਾਬ ਗਾਰਡੀਅਨ
PUNJAB GUARDIAN
www.punjabguardian.com

Call to Advertise 604-590-5200

# PIZZA STATION

15300 33rd Ave S. Suite130, Seatac WA

10% Off All Orders

ਇਥੋਂ ਤੁਸੀਂ ਤਾਜੇ ਅਦਰਕ ਧਨੀਏ ਵਾਲੇ ਪੀਜੇ ਦੇ ਨਾਲ-ਨਾਲ ਭਾਰਤੀ ਗਰੌਸਰੀ ਵੀ ਬਹੁਤ ਘੱਟ ਕੀਮਤਾਂ ਤੇ ਖਰੀਦ ਸਕਦੇ ਹੋ।



PH:206-644-4133

Sun to Thurs: 10 am-10 pm
Fri/Sat: 10 am to 11pm
Email:info@pizzastationwa.com

# Boulevard Market



ਇੰਡੀਅਨ ਗਰੌਸਰੀ ਅਤੇ ਤਾਜੀਆਂ ਸਬਜੀਆਂ/ਫਲਾਂ ਦਾ ਸਟੋਰ ਜਿੱਥੋਂ ਤੁਸੀਂ ਸਭ ਤੋਂ ਘੱਟ ਕੀਮਤਾਂ ਤੇ ਬਹੁਤ ਹੀ ਸਾਫ ਸੁਥਰੀਆਂ ਦਾਲਾਂ ਅਤੇ ਤਾਜੀਆਂ ਸਬਜੀਆਂ, ਹਰ ਪ੍ਰਕਾਰ ਦੀ ਗਰੌਸਰੀ ਖਰੀਦ ਸਕਦੇ ਹੋ, ਸਬਜੀਆਂ ਤੇ ਫਲ ਫਰੂਟ ਹਰ ਰੋਜ ਤਾਜੇ ਮੰਗਵਾਏ ਜਾਂਦੇ ਹਨ।

Opening Hours: 9 am to 9 pm (7Days Week)

PH:206-644-4010

# TEAM ARMY

## REAL ESTATE

Specialties:Buyers's Agent
Listing Agent-Short Sale
*RESIDENTIAL *COMMERCIAL

ਕਿਸੇ ਵੀ ਤਰ੍ਹਾਂ ਦੀ ਕਮਰਸ਼ੀਅਲ ਜਾਂ ਰੈਜੀਡੈਂਸ਼ੀਅਲ ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ ਹਮੇਸ਼ਾਂ ਯਾਦ ਰੱਖੋ।

## MORTGAGE

Specialties:Loan Specialist
Many Financing Options Available
*RESIDENTIAL *COMMERCIAL

ਕਿਸੇ ਵੀ ਤਰ੍ਹਾਂ ਦੀ ਕਮਰਸ਼ੀਅਲ ਜਾਂ ਰੈਜੀਡੈਂਸ਼ੀਅਲ ਪ੍ਰਾਪਰਟੀ ਖਰੀਦਣ ਜਾਂ ਰੀਫਾਇਨੈਂਸਿੰਗ ਲਈ ਕਿਸੇ ਵੀ ਤਰ੍ਹਾਂ ਦੀ ਮੌਰਗੇਜ ਲੈਣ ਲਈ ਯਾਦ ਰੱਖੋ

Maj Parminder (Pari) Mann
Ex Indian Army
SKYLINE PROPERTIES, INC
Cell:425-499-9704
email:parimann@gmail.com





Col Navtej Singh Nijjar
MORTGAGE LOAN ORIGINATOR
NMLS#1484258
BARRETT FINANCIAL GROUP
Cell:206-334-4035
Email:NAVTEJ@BARRETTFINANCIAL.COM
Web:BARRETTFINANCIAL.COM/NAVTEJ

# AUBURN'S MAIN SUPERMARKET

INDIAN GROCERIES-LIQUOR-WINE

1119E Main St. Auburn, WA 98002

Store hours: Mon-Sat: 8:00 AM - 10:00 PM Sun: 8:00 AM - 9:00 PM

Lowest Prices in Town WIDE VARIETY OF FROZEN FOOD

When you spend $50 or more,get 5% discount

When you spend $100 or more,get 10% discount

Discount only apply to Indian Grocery




FREE PANI-PURI
FRI-SUN (12PM 5PM)
ONLY 4 Pani Puri/CUSTOMER



ALL KINDS OF HOUSEHOLD UTENSILS (BARTAN) AVAILABLE

BLANKETS ARE ALSO AVAILABLE IN KING, QUEEN, TWIN SIZES

Fresh SugarCane Juice Everyday

Ph:253-249-7430, Cell:253-205-9981

www.auburnsmainsupermarket.com *All prices are marked down



# Kaurs Tax And Accounting

**Trucking Compliance**

- IFTA
- IRP Registration
- LLC Registration
- Permits and Licensing
- Drug and Alcohal
- Clearing House
- Dot Compliance
- FMCSA Compliance
- DOT Audit Support
- Heavy Highway Tax
- MCS-150

ਇਹ ਸੇਵਾਵਾਂ ਪੰਜਾਬੀ/ਹਿੰਦੀ ਵਿੱਚ ਵੀ ਉਪਲੱਬਧ ਹਨ।

**Professional Assistance Filling**

- OCI
- UK Visa
- Passport
- Indian Visa
- Power Of Attorney
- Immigration Petition
- Permit & Citizenship
- Health Insurance
- Affidavit

**Tax Services**

- Tax Filing & Planning
- Personal & Business
- Notary Public
- Payroll Service

ਵਧੀਆ ਅਤੇ ਭਰੋਸੇਮੰਦ ਪ੍ਰੋਫੈਸ਼ਨਲ ਅਕਾਊਂਟਿੰਗ ਅਤੇ ਟੈਕਸ ਸੇਵਾਵਾਂ ਲਈ ਸੰਪਰਕ ਕਰੋ:



Jaz Kaur Randhawa

Ph:206-472-9602

702 S Hill Park Dr
Suite 202
Puyallup, WA 98373

accounting@kaurs.net
trucking@kaurs.net
Web:www.kaurs.net



# WEST CAPITAL LENDING

YOUR PREFFERRED LOCAL LENDER

- ਪੰਜਾਬੀ ਕਮਿਊਨਿਟੀ ਲਈ ਬੇਹਤਰ ਸੇਵਾਵਾਂ
- ਪਹਿਲੀ ਵਾਰ ਘਰ ਖਰੀਦਣ ਵਾਲਿਆਂ ਲਈ ਮੱਦਦ
- ਗੈਸ ਸਟੇਸ਼ਨ, ਹੋਟਲ, ਮੋਟਲ, ਰੈਸਟੋਰੈਂਟਾ ਤੇ ਹੋਰ ਛੋਟੇ ਬਿਜ਼ਨਸਾਂ ਲਈ ਵੀ ਅਸੀਂ ਮੌਰਗੇਜ ਦਾ ਪ੍ਰਬੰਧ ਕਰਦੇ ਹਾਂ

-CONVENTIONAL -FHA -VA Loans -30YR/15YR/10YR FIXED -DSCR
-P&L -30 DAY SOFR ARM -1099 PROGRAM -7/6 SOFR ARMS
-LOT/CUSTOM CONSTRUCTION LOAN AVAILABLE
-24/12 BANK STATEMENT LOANS



KESSHAV SHARMA
BRANCH MANAGER

ਮੌਰਗੇਜ ਸੰਬੰਧੀ ਕਿਸੇ ਵੀ ਤਰ੍ਹਾਂ ਦੀ ਮੱਦਦ ਜਾਂ ਜਾਣਕਾਰੀ ਲੈਣ ਲਈ ਮੇਰੇ ਨਾਲ ਸੰਪਰਕ ਕਰੋ

ਘੱਟ ਰੇਟਾਂ ਦੀ ਗਰੰਟੀ

WEST CAPITAL LENDING

Call/text (425) 239-4517
ksharma@westcapitallending.com
westcapitallending.com
NMLS# 2468293 I NMLS# 1566096 I DRE# 02022356
24 Executive Park, Ste 250 Irvine, CA 92614



# Ready to grow your business?

Count on us for solutions.



Gifty Singh
Bellevue
400 112th Ave NE
206–909–5226

BANNER BANK

bannerbank.com Member FDIC



JAG'S PIZZA

# ਇੰਡੀਅਨ ਸਟਾਈਲ ਪੀਜ਼ਾ ਮੈਰਿਸਵੈੱਲ ਵਿਚ

ਜਿੱਥੇ ਤੁਹਾਡੇ ਸਵਾਦ ਅਨੁਸਾਰ ਵਧੀਆ ਅਦਰਕ ਧਨੀਆ ਵਾਲੇ ਮਸਾਲੇਦਾਰ ਤੰਦੂਰੀ ਚਿਕਨ, ਬਟਰ ਚਿਕਨ, ਕੜਾਹੀ ਚਿਕਨ, ਸ਼ਾਹੀ ਪਨੀਰ, ਤੰਦੂਰੀ ਪਨੀਰ, ਕੜਾਹੀ ਪਨੀਰ ਅਤੇ ਹਰ ਤਰ੍ਹਾਂ ਦੇ ਵੈਜੀਟੇਰੀਅਨ ਪੀਜ਼ੇ ਬਣਾਏ ਜਾਂਦੇ ਹਨ

PH:360-386-9508

*5830 B, Grove St, Marysville, WA*
*(Inside Shell Gas Station Plaza)*

www.jagspizza.com

OPEN 7 DAYS A WEEK SUNDAY TO THURSDAY:11AM TO 10PM
FRIDAY & SATURDAY:11AM TO 11.30PM



# HG TAX AND ACCOUNTING

25228 104th AVE SE Suite 103 Kent, WA 98030

IT'S TIME TO SAVE ON YOUR TAXES

OPEN M-F: 10 AM to 6 PM
SAT: 11 AM to 4 PM
SUN: By Appointment



Harpreet Singh, J.D. (253) 202-4516



# LANCER TRUCKING LLC

21307-116TH AVE SE, KENT, WA 98031-2206

Running all across United States



Privately owned transportation company that specialized in truckload, less than truckload (LTL) and expedited service with the most competitive rates, quality service. Let us handle your load.

Ph:206-849-1313



*Your Neighborhood Store!*

# GROCERY SINGH

ਤੁਹਾਡਾ ਆਪਣਾ ਨੇਬਰਹੁੱਡ ਸਟੋਰ !

BEST QUALITY GREAT PRICES EXCELLENT SERVICE

ONE STOP FOR ALL YOUR NEEDS!

ਇੱਕ ਹੀ ਛੱਤ ਹੇਠ, ਸਾਰੀਆਂ ਜ਼ਰੂਰਤਾਂ ਪੂਰੀਆਂ!

WE BRING YOU THE BEST OF QUALITY, VARIETY & VALUE!




ਤਾਜ਼ੀਆਂ ਸਬਜ਼ੀਆਂ ਅਤੇ ਫਲ

ਭਾਰਤੀ ਅਤੇ ਇੰਟਰਨੈਸ਼ਨਲ ਸਮਾਨ

ਮਿਠਾਈਆਂ ਅਤੇ ਸਨੈਕਸ

ਘਰੇਲੂ ਜ਼ਰੂਰਤਾਂ ਦਾ ਸਮਾਨ

**FRESH PRODUCE** Wide variety of fresh fruits and vegetables daily.

**INDIAN & INTERNATIONAL GROCERIES** Pulses, spices, rice, atta, oils, snacks, beverages & more.

**SWEETS & SNACKS** Delicious Indian sweets, snacks and bakery items.

**HOUSEHOLD ESSENTIALS** Daily use items for your home and kitchen.

**FRIENDLY SERVICE** We treat every customer like family.

*Visit Us Today!* ਅੱਜ ਹੀ ਪਧਾਰੋ !

GROCERY SINGH
1825 Broadway
Everett, WA 98201

*Thank you for supporting our local store!*

ਸਾਡਾ ਸਾਥ ਦੇਣ ਲਈ ਤੁਹਾਡਾ ਧੰਨਵਾਦ!

BEST QUALITY EVERYDAY · GREAT PRICES · HAPPY CUSTOMERS · STRONG COMMUNITY

GOOD FOOD · GOOD PRICES · GOOD NEIGHBORS ਵਧੀਆ ਖਾਣਾ · ਵਧੀਆ ਕੀਮਤਾਂ · ਵਧੀਆ ਪੜੋਸੀ